ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIAN

# ਪ੍ਰਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ

For anyone to be a Sikh, First condition is to be baptised by "Khandey Ki Pahul" (Amrit) given by 'Panj Piaras'

APRIL 98 ਅਪ੍ਰੈਲ ੯੮

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਸੰਤ ਜੀਵਹਿ ਪ੍ਰਭ ਓਟ ਤੁਮਾਰੀ | ੧. | ੧੦.ਪਿਆਰ | ੨੧. |
| ੨.ਪੰਜ ਪਿਆਰੇ (ਕਵਿਤਾ) | ੩. | ੧੧.ਅਲੌਕਿਕ ਵੈਸਾਖੀ | ੨੪. |
| ੩.ਅਕਾਲ ਪੁਰਖ ਦੀ ਦਰਗਾਹ-੧ | ੪. | ੧੨.ਅਖੌਤੀ ਸੰਤ ਬਾਬੇ | ੨੭. |
| ੪.ਵਿਸ ਕਿ ਵਿਸਕੀ (ਕਵਿਤਾ) | ੭. | ੧੩.ਸ੍ਰੀ ਅਕਾਲ ਤਖਤ ਸਾਹਿਬ ਤੇ ਮਰਿਆਦਾ ਦੀ ਉਲੰਘਣਾ | ੨੯. |
| ੫.ਖਾਲਸਾ ਕਿਉਂ ਸਾਜਿਆ ਗਿਆ | ੮. | ੧੪.The Symbol | ੩੦. |
| ੬.ਵੈਸਾਖੀ ਦੀ ਦੇਣ-ਖਾਲਸਾ | ੧੨. | ੧੫.ਖਾਲਸੇ ਦਾ ਜਨਮਦਿਨ-ਵੈਸਾਖੀ | ੩੨. |
| ੭.ਤੇਗ(ਕਵਿਤਾ) | ੧੩. | ੧੬.ਕਰਮ ਫਿਲਾਸਫੀ | ੩੫. |
| ੮.ਖਾਲਸੇ ਦਾ ਬੇਨਜ਼ੀਰ ਨਿਆਰਾਪਨ | ੧੪. | ੧੭.ਖਾਲਸੇ ਦੀ ਸਿਰਜਨਾ (ਕਵਿਤਾ) | ੪੦. |
| ੯.ਸਾਡੇ ਗੁਰਮਤਿ ਅਨੰਦ ਕਾਰਜ | ੨੦. | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਪਾ: ੬ ਜੋਤੀ ਜਸਤਿ ਸਮਾਏ | ੧ ਅਪ੍ਰੈਲ | ਪਾ: ੯ ਅਵਤਾਰ ਧਾਰਿਆ | ੧੭ ਅਪ੍ਰੈਲ |
| ਪਾ: ੯ ਗੁਰਿਆਈ ਮਿਲੀ | ੯ ਅਪ੍ਰੈਲ | ਪਾ: ੫ ਅਵਤਾਰ ਧਾਰਿਆ | ੧੯ ਅਪ੍ਰੈਲ |
| ਪਾ: ੮ ਜੋਤੀ ਜੋਤਿ ਸਮਾਏ | ੯ ਅਪ੍ਰੈਲ | ਪਾ: ੨ ਅਵਤਾਰ ਧਾਰਿਆ | ੨੭ ਅਪ੍ਰੈਲ |
| | | ਵੈਸਾਖੀ ਤੇ ਖ਼ਾਲਸਾ ਸੰਮਤ 300 ਸ਼ੁਰੂ | ੧੩ ਅਪ੍ਰੈਲ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

ਲੁਧਿਆਣਾ - ਸਬ ਆਫ਼ਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ - ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਫੌਜਿੰਦਰ ਸਿੰਘ ਜੀ, ੫੩੩/੩ -ਏ ਫ਼ੇਜ਼. ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ - ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ - ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ - ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ - ਸ੍: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ - ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ - ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ - ਹਰ ਐਤਵਾਰ ਸੂਰਾਂ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ - ਭਾਈ ਹਰਦੀਪ ਸਿੰਘ 218 WEXHAM ROAD SLOUGH BERKS SL2 5JP TEL-01753-530624 Fax-01753-535803
੨. ਅਮਰੀਕਾ - ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ - ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧-੬੬੬੩੪੮੪੧
੫. ਨੀਊਜ਼ੀਲੈਂਡ - ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:-243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ-੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੨
ਅਪ੍ਰੈਲ ੧੯੯੮
ਅੰਕ ੪

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਸੰਤ ਜੀਵਹਿ ਪ੍ਰਭ ਓਟ ਤੁਮਾਰੀ

ਬਿਆਪਤ ਹਰਖ ਸੋਗ ਬਿਸਥਾਰ॥ ਬਿਆਪਤ ਸੁਰਗ ਨਰਕ ਅਵਤਾਰ ॥
ਬਿਆਪਤ ਧਨ ਨਿਰਧਨ ਪੇਖਿ ਸੋਭਾ॥ ਮੂਲੁ ਬਿਆਧੀ ਬਿਆਪਸਿ ਲੋਭਾ॥੧॥
ਮਾਇਆ ਬਿਆਪਤ ਬਹੁ ਪਰਕਾਰੀ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ਰਹਾਉ॥
ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥
ਬਿਆਪਤ ਹਸਤਿ ਘੋੜੇ ਅਰੁ ਬਸਤਾ॥ ਬਿਆਪਤ ਰੂਪ ਜੋਬਨ ਮਦ ਮਸਤਾ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ॥
ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥੩॥
ਬਿਆਪਤ ਕਰਮ ਕਰੈ ਹਉ ਫਾਸਾ॥ ਬਿਆਪਤਿ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ॥ ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ ਨ ਆਵੈ ਮਾਈ॥੫॥੧੯॥੮੮॥

(ਗਉੜੀ ਗੁਆਰੇਰੀ ਮ: ੫, ਪੰਨਾ ੧੮੧-੮੨)

ਮਾਇਆ, ਹਉਮੈ ਬੰਧਨੀ ਹੋ ਕੇ, ਹਉਮੈ ਬੰਧਨ ਰੂਪ ਹੋ ਕੇ ਸਾਰੇ ਹੀ ਆਨ-ਮਤ ਮਨਮਤ ਮਨਮੁਖੀ ਕਰਮਾਂ ਅੰਦਰਿ ਅਤੇ ਮਨਮੁਖੀ, ਮਨਮਤੀ ਆਨਮਤੀ ਕਰਮ ਕਰਨਹਾਰਿਆਂ ਅੰਦਰਿ ਬਿਆਪ ਰਹੀ ਹੈ। ਜਿਤਨੇ ਭੀ ਇਹ ਕਰਮ ਕੀਤੇ ਜਾਂਦੇ ਹਨ (ਕੀ ਆਨਮਤੀ ਕਰਮ, ਕੀ ਮਨਮਤੀ ਕਰਮ ਤੇ ਕੀ ਮਨਮੁਖੀ ਕਰਮ) ਸਭ ਹਉਮੈ ਬਿਆਪਤ ਕਰਮ ਹਨ। ਸਭ ਹਉਮੈ ਬੰਧਨ ਕਰਮ ਹਨ। ਮਾਇਆ ਮਤਿ ਬੰਧਨੀ ਹਉਮੈ ਕਰਮ ਹਨ, ਕਿਉਂਕਿ ਸਾਰੇ ਹੀ ਹਉਮੈ ਮਤੜੀ ਦੇ ਮਾਇਆ ਮਤੜੇ ਕਰਮ ਏਸ ਬੰਧਨਾਂ ਵਿਚਿ ਬੱਧੇ ਹੋਏ ਹੀ ਕੀਤੇ ਜਾਂਦੇ ਹਨ।

ਵਿਆਖਿਆ- ਜੋ ਕਰਮ ਹਰਖ ਸੋਗ ਵਿਚਿ ਲਿਪਾਇਮਾਨ ਹੋ ਕੇ ਕੀਤੇ ਜਾਣ ਅਤੇ ਜਿਨ੍ਹਾਂ ਕਰਮਾਂ ਦਾ ਨਤੀਜਾ ਭੀ ਅੰਤ ਹਰਖ ਸੋਖ ਹਠ ਉਪਜਣਾ ਹੁੰਦਾ ਹੈ ਉਹਨਾਂ ਕਰਮਾਂ ਵਿਚਿ ਭੀ ਸਮਝੋ, ਹਉਮੈ ਬੰਧਨੀ ਮਾਇਆ ਹੀ ਵਿਆਪ ਰਹੀ ਹੈ। ਜੋ ਜੋ ਕਰਮ ਆਨਮਤੀ ਅਹੰਮੇਵੀ ਲੋਗ ਸੁਰਗਾਂ ਬਹਿਸ਼ਤਾਂ ਦੀ ਬਾਂਛਾ ਹਿਤ ਕਰਦੇ ਹਨ ਉਹ ਭੀ ਨਿਰੇ ਹੀ ਹਉਮੈ ਬੰਧਨੀ ਮਾਇਆ ਬਿਆਪਤੀ ਕਰਮ ਹਨ। ਜਿਨਾਂ ਕਰਕੇ ਕਦੇ ਉਹਨਾਂ ਨੂੰ ਸੁਰਗ ਵਿਚ ਜਾਣਾ ਪੈਂਦਾ ਹੈ। ਫੇਰ ਸੁਰਗ ਭੁਗਤਣੀ ਮਿਆਦ ਮੁਕ ਜਾਂਦੀ ਹੈ। ਮੁੜਿ ਉਹਨਾਂ ਨੂੰ ਨਰਕ ਅਵਤਾਰੀ ਬਣਨਾ ਪੈਂਦਾ ਹੈ।

ਜੋ ਕਰਮ ਧਨ ਦੀ ਖ਼ਾਤਰ, ਨਿਰੋਲ ਧਨ ਇਕੱਤਰਤਾ ਦੀ ਖ਼ਾਤਰ ਕੀਤੇ ਜਾਂਦੇ ਹਨ, ਉਹ ਤਾਂ ਹੈਨ ਹੀ ਨਿਰੇ ਬੰਧਨੀ ਮਾਇਆ ਬਿਆਪਤ ਕਰਮ। ਨਿਰਧਨ ਪੁਰਸ਼ ਭੀ ਜੋ ਕਰਮ ਕਮਾਉਂਦਾ ਹੈ (ਕਮਾਉਂਦਾ ਤਾਂ ਹੈ ਧਨੀ ਬਣਨ ਲਈ ਪਰ ਕਹਾਉਂਦਾ ਹੈ ਆਪਣੇ ਆਪ ਨੂੰ ਨਿਰਧਨ ਕੰਗਾਲ ਗਰੀਬ ਹੀ) ਉਸ ਦਾ ਇਹ ਕਰਮ ਭੀ ਹਉਮੈ ਬੰਧਨੀ ਮਾਇਆ

ਬਿਆਪਤ ਕਰਮ ਹੈ। ਕਿਉਂਕਿ ਦਿਲੋਂ ਗਰੀਬੀ ਨਹੀਂ ਆਉਂਦੀ, ਉਪਰੋਂ ਗਰੀਬ ਸਦਾਉਂਦੇ ਹਨ। ਅੰਦਰੋਂ ਆਕੜਫੂੰ ਕਹਾਉਂਦੇ ਹਨ। ਅਸਲ ਗਰੀਬ ਤਤ ਗਰੀਬਤਾ ਨਾਮ ਵਿਚਿ ਰਤਿਆਂ ਹੀ ਆਉਂਦੀ ਹੈ। ਨਿਰਧਨ ਬਣਿਆਂ ਨਿਰਧਨ ਹੋਇਆਂ ਨਹੀਂ ਆਉਂਦੀ। ਜੇਹੜੇ ਮਨਮੁਖ ਅਗਿਆਨੀ ਪੁਰਸ਼ ਸਿਰਫ਼ ਦੁਨੀਆਵੀ ਸੋਭਾ ਦੀ ਖ਼ਾਤਰ ਕਰਮ ਕਮਾਉਂਦੇ ਹਨ ਅਤੇ ਆਪਣੀ ਸ਼ੁਸਕ ਸੋਭਾ ਨੂੰ ਪੇਖਿ ਪੇਖਿ ਬਫਾਉਂਦੇ ਹਨ, ਉਹਨਾਂ ਉਪਰ ਹਉਮੈ ਬੰਧਨੀ ਮਾਇਆ ਹੀ ਬਿਆਪ ਰਹੀ ਹੈ। ਤਾਂਤੇ ਇਹ ਭੀ ਮਾਇਆ ਬਿਆਪਤ ਹਉਮੈ ਬੰਧਨੀ ਕਰਮ ਹੀ ਹੈ। ਜਿਹੜੇ ਕਰਮ ਲੋਭ ਦੇ ਅਧੀਨ ਹੋ ਕੇ ਕੀਤੇ ਜਾਂਦੇ ਹਨ, ਉਹ ਤਾਂ ਹਨ ਹੀ ਨਿਰੇ ਪਾਪਾਂ ਦੀ ਉਪਾਧੀ ਮੂਲ ਬਿਆਪੀ ਵਾਲੇ ਕਰਮ। ਲੋਭ ਵਿਚਿ ਬਿਆਪ ਕੇ ਜੁ ਕੀਤੇ ਜਾਂਦੇ ਹਨ। ਲੋਭ ਸਾਰੇ ਪਾਪਾਂ ਦਾ ਸਾਰੀਆਂ ਬਿਆਧੀਆਂ ਦਾ ਮੂਲ ਹੈ। ਇਹ ਮਾਇਆ ਅਨੇਕ ਪ੍ਰਕਾਰ ਕਰਿ ਹਰੇਕ ਕਰਮਚਾਰੀ ਨੂੰ ਬਿਆਪਦੀ ਹੈ। ਕੇਵਲ ਗੁਰੂ ਘਰ ਦੇ ਗੁਰਮੁਖਾਂ ਸੰਤਾਂ ਸਚਿਆਰੇ ਸੁਜਾਗੇ ਸਾਵਧਾਨ ਸੇਵਕਾਂ ਸਿਖਾਂ ਨੂੰ ਨਹੀਂ ਵਿਆਪਦੀ। ਵਰਨਾ ਹਰੇਕ ਮਨਮਤ ਕਰਮ-ਕਾਂਡੀ ਮਨਮੁਖ ਮਨਮਤੀਏ ਨੂੰ ਬਿਆਪਦੀ ਹੈ। ਗੁਰੂ ਘਰ ਦੇ ਗੁਰਮੁਖ ਸੰਤ ਜਨ ਭਗਤ ਜਨ ਸੇਵਕ ਸਿਖ ਜਨ ਤਾਂ ਬਚੇ ਰਹਿੰਦੇ ਹਨ। ਕਿਉਂਕਿ ਓਹਨਾਂ ਨੂੰ ਨਾਮ ਦਾ ਹੀ ਆਧਾਰ ਹੁੰਦਾ ਹੈ। ਉਹ ਖਿਨ ਖਿਨ ਨਾਮ ਦੇ ਆਧਾਰ ਵਿਚਿ ਨਾਮ ਅਤੇ ਨਾਮ ਦੀ ਓਟ ਵਿਚਿ ਰਹਿੰਦੇ ਹਨ।

ਜੋ ਕਰਮ ਅਹੁੰ-ਮਮਤਾਵੀ ਲੋਗ ਨਿਰੀ ਅਹੰਬੁਧੀ ਵਿਚਿ ਮਤੇ ਹੋਏ ਹੀ ਕਰਦੇ ਹਨ, ਉਥੇ ਤਾਂ ਪ੍ਰਬਲ ਹੋ ਕੇ ਇਹ ਹਉਮੈ ਬੰਧਨੀ ਮਾਇਆ ਬਿਆਪਦੀ ਹੈ। ਬਸ ਹਉਮੈ ਵਿਚਿ ਹੀ ਬੁੰਦਲਾ ਲੈਂਦੀ ਹੈ। ਹਉਮੈ ਵਿਚ ਲੋਗ ਕਮਲੇ ਹੋ ਜਾਂਦੇ ਹਨ। ਅਤੇ ਸਾਰੀ ਉਮਰ ਕਮਲੇ ਹੀ ਹੋਏ ਰਹਿੰਦੇ ਹਨ। ਕਈ ਐਸੇ ਕਰਮ ਹਨ ਜਿਨ੍ਹਾਂ ਵਿਚ ਸੂਖਮ ਤੌਰ ਤੇ ਹਉਮੈ ਬੰਧਨੀ ਮਾਇਆ ਬਿਆਪੀ ਹੋਈ ਹੁੰਦੀ ਹੈ। ਤਿਨ੍ਹਾਂ ਕਰਮਾਂ ਦਾ ਸਖੂਮ ਹੰਕਾਰ ਬੇਮਲੂਮਾ ਹੀ ਉਹਨਾਂ ਨੂੰ ਚਿੰਮੜਿਆ ਰਹਿੰਦਾ ਹੈ। ਇਹ ਸੂਖਮ ਹਉਮੈ (ਅਹੰਗਤਾ) ਵਾਲਾ ਰੋਗ ਬੜਾ ਹੀ ਅਸਾਧ ਹੈ। ਇਹ ਬੜੇ ਬੜੇ ਕਰਮ ਸੁਕਰਮੀ ਨੇਤਾਵਾਂ ਨੂੰ ਚਿੰਮੜਿਆ ਹੋਇਆ ਹੈ, ਐਸਾ ਚਿੰਮੜਿਆ ਹੋਇਆ ਹੈ ਕਿ ਕਦੇ ਛਡਦਾ ਹੀ ਨਹੀਂ। ਘੁਣ ਵਾਂਗੂੰ ਅੰਦਰੋਂ ਅੰਦਰੀ ਉਹਨਾਂ ਨੂੰ ਖਾ ਰਿਹਾ ਹੈ। " ਅਹੰਬੁਧ ਕਾ ਮਾਤਾ" ਸਭ ਤੋਂ ਬਹੁਤਾ ਮਾਇਆ ਮਮਤਾ ਬਿਆਪਹਾਰੀ ਕਰਮ ਕਰਨਹਾਰਾ ਹੈ। ਉਸ ਦੇ ਨਾਲਿ ਲਗਵੇ ਹੀ "ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ" ਵਾਲੀ ਅਹੰ-ਮਮਤਾ ਵਾਲੇ ਕਰਮ ਹਨ। ਉਹ ਪੁੱਤਰ ਕਲੱਤ੍ਰ ਦੀ ਮੋਹ-ਮਮਤਾ ਨਾਲਿ ਰਤੇ ਹੋਏ ਉਹੀ ਕਰਮ ਕਰਦੇ ਹਨ ਜੋ ਉਹਨਾਂ ਨੂੰ ਇਸਤ੍ਰੀ ਪੁੱਤਰ ਕੁਟੰਬ ਦੇ ਮੋਹ ਵਿਚਿ ਹੋਰ ਭੀ ਜਕੜ ਲੈਂਦੇ ਹਨ। ਅਤੇ ਸਦਾ ਹੀ ਜਕੜ ਬੰਧਨੀ ਹੋ ਕੇ ਉਹਨਾਂ ਦੀ ਮੱਤ ਬੁਧ ਉਤੇ ਛਾਏ (ਬਿਆਪੇ ਹੋਏ) ਹੀ ਰਹਿੰਦੇ ਹਨ। ਜੋ ਲੋਗ ਹਾਥੀ ਘੋੜੇ ਆਦਿਕ ਐਸ਼੍ਵਰਜੀ ਵਸਤੂਆਂ ਪਦਾਰਥਾਂ ਨਮਿਤ ਕਰਮ ਕਰਦੇ ਹਨ ਉਹ ਪੁਜ ਕੇ ਹਉਮੈ ਜਕੜ ਬੰਦੀ ਮਾਇਆ ਮਕੜਮੰਦੀ ਬਿਆਪਤੰਦੀ ਕਰਮ ਹਨ। ਕਿਸੇ ਨੂੰ ਰੂਪ ਦਾ ਮਦ ਹੋ ਕੇ ਜੁਆਨੀ ਦੀ ਮਸਤੀ ਚੜ੍ਹੀ ਹੋਈ ਹੈ ਅਤੇ ਏਸੇ ਰੂਪ ਜੁਆਨੀ ਦੀ ਮਦ ਮਸਤੀ ਵਿਚਿ ਅੱਟੇ ਪੱਟੇ ਹੋਏ ਜੋ ਜੋ ਕਰਮ ਉਹ ਕਰਦੇ ਹਨ, ਸਭ ਹੀ ਬੰਧਨ ਬੰਧਨੀ ਬਿਆਪਤ ਕਰਮ ਹਨ। ਨਾਮ-ਹੀਣੇ ਭੂਮੀਆਂ ਭੂਮ-ਹਾਣੇ ਰੰਕਾਂ ਕੰਗਾਲਾਂ ਅਤੇ ਐਸ਼-ਇਸ਼ਰਤੀ ਰੰਗਾਂ ਤਮਾਸ਼ਿਆਂ ਵਿਚਿ ਮਸਤ ਗ਼ਰਕ ਹੋਏ ਫ਼ੈਸ਼ਨ-ਰੰਗੀਆਂ ਅੰਦਰਿ ਭੀ ਹਉਮੈ ਬੰਧਨੀ ਹੋ ਕੇ ਇਹ ਮਾਇਆ ਬਹੁਤੀ ਹੀ ਬਹੁ ਬਹੁ ਭਾਂਤਿ ਕਰਿ ਵਿਆਪ ਰਹੀ ਹੈ। ਕਚ ਪਿਚੇ ਗੰਦੇ ਗੀਤਾਂ ਰਾਗਾਂ ਨੂੰ ਕੁਸੰਗ-ਮੰਡਲੀਆਂ ਦੇ ਕੁਸੰਗ ਵਿਚਿ ਜਾ ਕੇ ਸੁਣਨ-ਹਾਰਿਆਂ ਨੂੰ ਇਹ ਬਹੁ-ਰੰਗੀ ਮਾਇਆ ਬਹੁਤੇ ਹੀ ਅਹੰ-ਮਮਤਾ ਦੇ ਜਕੜ ਪੈਖੜੇ ਪਾਉਂਦੀ ਹੈ, ਪਰਮਾਰਥ ਵਲ ਉਭਰਨ ਹੀ ਨਹੀਂ ਦਿੰਦੀ। ਨਾਚ ਰੰਗੀ ਮੰਦੇ ਗੀਤ ਰਾਗ ਗਾਵਣੇ ਨੀਚ ਕਰਮ ਕਰਨਹਾਰਿਆਂ ਨੂੰ ਇਹ ਬਹੁ-ਰੰਗੀ ਮਾਇਆ ਬੜੇ ਭਿਆਨਕ ਬੰਧਨਾਂ ਵਿਚਿ ਪਾ ਕੇ ਜਕੜ ਰਗੜ ਰਹੀ ਹੈ। ਗੀਤ ਰਾਗ ਕੁਸੰਗਾਂ ਦੇ ਫਟੇ ਹੋਏ ਬੜੇ ਹੋਣਹਾਰ ਨੌਜਵਾਨ ਅਜ ਤਾਈਂ ਤਾਬ ਨਹੀਂ ਆਏ। ਅਨੇਕਾਂ ਅਜਿਹੇ ਕੁਸੰਗੀ ਸਿਨਮਿਆਂ ਥੀਏਟਰਾਂ ਦੇ ਐਕਟਰ ਬਣ ਗਏ। ਆਪਣੇ ਖਾਨ ਪਾਨ ਅਚਾਰ ਬਿਉਹਾਰ ਨੂੰ ਉਕਾ ਹੀ ਬਰਬਾਦ ਕਰ ਗਏ। ਅਜਿਹੇ ਹਉਮੈ ਪਰਵਿਰਤਨੀ ਕਰਮਾਂ ਨੂੰ ਗੁਰਮਤਿ ਅੰਦਰਿ ਬਿਬਰਜਤ ਗਰਦਾਨਿਆ ਗਿਆ ਹੈ। ਰਸੀਏ ਪੁਰਸ਼ਾਂ ਨੂੰ ਬਹੁਤੀਆਂ ਇਸਤ੍ਰੀਆਂ ਦੇ ਮੌਜ-ਮੇਲੇ ਦੇ ਕੁਸੰਗ ਵਿਚ ਪਾ ਕੇ, ਇਹ ਰਸਾਤਲ ਨੂੰ ਲੈ ਜਾਣ-ਹਾਰੀ ਹੋ ਕੇ ਬਿਆਪ ਰਹੀ ਹੈ। ਮਹਲ ਮਾੜੀਆਂ ਉਸਾਰਨ-ਹਾਰਿਆਂ ਨੂੰ ਸਭ ਤੋਂ ਵਧ ਕੇ ਬਿਆਪੀ ਹੋਈ ਹੈ। ਇਕ ਪਾਸੇ ਤਾਂ ਪਰਤੱਖ ਅੱਖਾਂ ਨਾਲ ਦੇਖ ਰਹੇ ਹਨ ਕਿ ਪਿਛਲੇ ਪੱਕੇ ਮਹਲ ਕਿਲੇ ਸੀਮੈਂਟ ਤੇ ਗਹਿਰੀਆਂ ਨੀਂਹਾਂ ਵਾਲੇ ਉਜਾੜੇ ਜਾ ਰਹੇ ਹਨ। ਦੂਜੇ ਪਾਸੇ ਇਹ ਅਗਿਆਨੀ ਅਹੰ-ਮਤਵੀ ਪੁਰਸ਼ ਦਬਾ ਦਬ ਆਪਣੇ ਨਵੇਂ ਮਹਲ ਮੰਦਰ ਬਗੀਚੇ ਬਣਾ ਉਸਾਰ ਰਹੇ ਹਨ ਅਤੇ ਕਈ ਹਾਰ ਸ਼ਿੰਗਾਰ ਰਸਕ ਬਾਨਿਆਂ ਪੌਸ਼ਾਕਾਂ ਸੂਟਾਂ ਨੂੰ ਬਣਵਾ ਬਣਵਾ ਕੇ ਪਹਿਨਣ ਵਿਚਿ ਮਤੂਨ-ਮਫ਼ਤੂਨ (ਗ਼ਲਤਾਨ) ਹੋ ਰਹੇ ਹਨ। ਇਹ ਸਭ ਕੁਕਰਮ ਕਰਤਬ ਪਰਮਾਰਥ ਨੂੰ ਪਿੱਠ ਦੇਣਹਾਰੇ ਅਤੇ ਪਰਮਾਤਮਾ ਤੋਂ ਵਿਛੋੜਨ-ਹਾਰੇ ਹਨ।


www.AKJ.Org

ਸਾਰਾ ਅੰਧ-ਅਗਿਆਨੀ ਸੰਸਾਰ ਪੰਜ ਦੂਤਾਂ ਦੇ ਵਸਿ ਹੋ ਕੇ ਜੋ ਜੋ ਕਰਮ ਕਰਿ ਰਿਹਾ ਹੈ ਸੋ ਸੋ ਬੰਧਨ ਬਿਆਪਤੀ ਹਉਮੈ ਬੰਧਨੀ ਕਰਮ ਹੈ। ਜੋ ਨਰਕਾਂ ਵਿਚਿ ਹੀ ਬੰਨ੍ਹ ਕੇ ਲੈਜਾ ਸੁਟੇਗਾ. ਇਨ੍ਹਾਂ ਪੰਜ-ਦੂਤ-ਗ੍ਰਸਤੀ ਕੁਕਰਮ ਕਰਨਹਾਰਿਆਂ ਨੂੰ। ਗੱਲ ਕੀ ਸਾਰਾ ਸੰਸਾਰ ਹਉਮੈ ਦਾ ਫਾਥਾ ਹੋਇਆ (ਫਾਸਿਆ ਹੋਇਆ) ਮਾਇਆ ਬਿਆਪਤ ਕਰਮ ਕਰਿ ਰਿਹਾ ਹੈ। ਜਿਨ੍ਹਾਂ ਕਰਮਾਂ ਦੇ ਕਰਨ ਕਰ ਕੇ ਜਮ ਦੀ ਫਾਸ ਉਨ੍ਹਾਂ ਦੇ ਗਲਿ ਪਵੇਗੀ। ਜੋ ਗ੍ਰਿਸਤੀ ਹਨ ਉਹ ਭੀ ਗ੍ਰਿਸਤ ਮੋਹ-ਬੰਧਨੀ ਕਰਮ ਕਰਨ ਕਰਿ ਹਉਮੈ ਮਮਤਾ ਵਿਚਿ ਹੀ ਜਕੜੇ ਹੋਏ ਹਨ। ਇਹਨਾਂ ਨੂੰ ਭੀ ਮਾਇਆ ਬਿਆਪ ਰਹੀ ਹੈ ਤੇ ਬੁਰੀ ਤਰ੍ਹਾਂ ਬਿਆਪ ਰਹੀ ਹੈ। ਜੋ ਹਉਮੈ ਮਤਸਰੀਏ ਗ੍ਰਿਸਤ ਤੋਂ ਉਪ੍ਰਾਮ (ਉਦਾਸ) ਹੋ ਕੇ ਇਕ ਪ੍ਰਕਾਰ ਮਾਇਆਵੀ ਗ੍ਰਿਸਤ ਦੇ ਤਿਆਗੀ ਜੋ ਜਾਂਦੇ ਹਨ ਉਹਨਾਂ ਉਤੇ ਹੋਰ ਹੋਰ ਰੂਪਾਂ ਵਿਚਿ ਇਹ ਬੰਧਨ ਬੰਧਨੀ ਮਾਇਆ ਬਹੁ ਪ੍ਰਕਾਰ ਕਰਿ ਬਿਆਪ ਰਹੀ ਹੈ। ਇਸ ਤੋਂ ਸੁੱਕਾ ਕੋਈ ਨਹੀਂ ਰਹਿ ਸਕਦਾ, ਚਾਹੇ ਆਨਮਤਿ ਕਰਮੀ ਹੋਵੇ, ਚਾਹੇ ਮਨਮਤ ਕਰਮ ਕਰਨਹਾਰਾ ਹੋਵੇ। ਬਹੁਤਿਆਂ ਆਚਾਰ ਕਰਨੀ ਕਰਨਹਾਰਿਆਂ ਉਚ ਵਡਿਆਈ ਦੇ ਕਾਰਜ ਬਿਹਾਰਾਂ ਵਾਲਿਆਂ ਨੂੰ ਅਤੇ ਜਾਤਿ ਜਨਮ ਦੇ ਅਭਿਮਾਨੀਆਂ ਨੂੰ ਤਾਂ ਇਹ ਆਪਣਾ ਖਾਜਾ ਬਣਾ ਕੇ ਗ੍ਰਸੀ ਹੈ। ਬਿਨਾਂ ਹਰਿ ਰੰਗ ਰਤਿਆਂ ਇਹ ਡਾਇਣ ਮੋਹ ਮਮਤਾਇਣ ਮਾਇਆ ਸਾਰਿਆਂ ਹੀ ਕਰਮ-ਚਾਰੀਆਂ ਤੇ ਬਿਆਪ ਖਿਆਪ ਰਹੀ ਹੈ। ਸਭ ਕਿਛ ਅਤੇ ਸਭ ਕੋਈ ਇਸ ਮਾਇਆ ਬਿਆਪਤੀ ਬਿਪਤਾ ਦਾ ਬੰਧਿਆ ਹੋਇਆ ਹੈ। ਇਕ ਉਹੀ ਇਸ ਤੋਂ, ਇਸ ਦੀ ਬੰਧਨਾ ਤੋਂ ਛੁਟੇ ਹੋਏ ਹਨ ਜੋ ਨਾਮ ਦੇ ਰੰਗਾਂ ਵਿਚਿ ਰਤੇ ਹੋਏ ਹਨ। ਆਪਣੇ ਰੰਗ ਰਤੜੇ ਸੰਤਾਂ ਭਗਤਾਂ ਦੇ ਬੰਧਨ ਗੁਰੂ ਕਰਤਾਰ ਨੇ ਆਪਿ ਹੀ ਆਪਣੀ ਦਇਆ-ਦ੍ਰਿਸ਼ਟੀ ਦੁਆਰਾ ਤੋੜ ਛਡੇ ਹਨ। ਉਹਨਾਂ ਨੂੰ ਇਹ ਕਿਥੇ ਬਿਆਪ ਸਕਦੀ ਹੈ? ਉਕੀ ਬਿਆਪਦੀ ਹੀ ਨਹੀਂ ਇਹ ਮਾਇਆ। ਸ੍ਰੀ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜਿਨ੍ਹਾਂ ਵਡਿਆਗੀ ਜਨਾਂ ਨੇ ਸੰਤ ਗੁਰੂ ਦੀ ਧੂਰ ਪਾਈ ਹੈ ਅਤੇ ਪਾ ਕੇ ਬਾਂਛੀ ਹੈ ਉਹਨਾਂ ਨੂੰ ਇਹ ਛਲ ਰੂਪੀ ਮਾਈ ਮਾਇਆ ਕਦੇ ਨਹੀਂ ਬਿਆਪਦੀ। ਸੰਤ ਧੂਰੀ ਦਾ ਇਸ਼ਾਰਾ ਇਥੇ ਸਿਰੀ ਗੁਰੂ ਅਰਜਨ ਸਾਹਿਬ ਦਾ ਸਿਰੀ ਗੁਰੂ ਰਾਮਦਾਸ ਗੁਰ ਸੰਤ ਵਲ ਹੈ। ਸੱਚ ਮੁੱਚ ਗੁਰੂ ਨਾਨਕ ਦੇ ਦਸ ਜਾਮਿਆਂ ਵਿਚ ਅਰਥਾਤ ਦਸਾਂ ਗੁਰੂ ਜਾਮਿਆਂ ਦੀ ਸੰਤ ਧੂੜੀ ਕੀਮੀਆਈ ਪਾਰਸ ਸਦਰਸ ਹੈ, ਜਿਸ ਨੂੰ ਪਰਸਦਿਆਂ ਹੀ ਪਾਰਸ ਕਲਾ ਵਰਤ ਜਾਂਦੀ ਹੈ। ਕਚਹੁ ਕੰਚਨ ਕਰਨਹਾਰੀ ਤੇ ਲੋਹਿਓਂ ਲਾਲ ਕਰਨਹਾਰੀ ਇਹ ਪਾਰਸ ਕੀਮੀਆਈ ਸੰਤ ਧੂੜੀ ਹੈ। ਪਰ ਗੁਰੂ ਸੰਤ ਦੀ। ਜਣੇ ਕਣੇ ਭੇਖੀ ਸੰਤ ਦੀ ਨਹੀਂ। ਭੁਲੀ ਲੁਕਾਈ ਅਜਿਹੇ ਸੰਤ ਧੂਰੀ ਪ੍ਰਥਾਇ ਉਚਰੇ ਬਚਨਾਂ ਨੂੰ ਭੇਖੀ ਸੰਤਾਂ ਦੀ ਧੂਰੀ ਤੇ ਘਟਾ ਕੇ ਘਰ ਪੂਰਾ ਕਰਨ ਦੇ ਝਸ ਵਿਚਿ ਪੈ ਜਾਂਦੇ ਹਨ ਅਤੇ ਪਏ ਰੁੜ੍ਹੇ ਚਲੇ ਆਉਂਦੇ ਹਨ। ਪਰ ਘਰ ਉਹਨਾਂ ਦਾ ਪੂਰਾ ਨਹੀਂ ਹੁੰਦਾ। ਪੂਰਾ ਕਿਵੇਂ ਹੋਵੇ ? ਪੂਰਨ ਸੰਤ ਗੁਰੂ ਮਿਲੇ ਤਾਂ ਪੂਰਾ ਹੋਵੇ। ਭੇਖੀ ਸੰਤਾਂ ਨੂੰ ਭੀ ਝਸ ਪਿਆ ਹੋਇਆ ਹੈ ਆਪਣੇ ਪੈਰਾਂ ਖੁਰੜਿਆਂ ਦੀ ਧੂੜੀ ਲੋਕਾਂ ਨੂੰ ਵਰਤਾਉਣ ਦਾ। ਪਰ ਉਹਨਾਂ ਨੂੰ ਪਤਾ ਨਹੀਂ ਕਿ ਅਗੇ ਜਾ ਕੇ ਜਮਾਂ ਦੀ ਮਾਰ ਉਹਨਾਂ ਤੇ ਪਏਗੀ ਅਤੇ ਐਥੇ ਜੋ ਦੁਰਗਤਿ ਉਨ੍ਹਾਂ ਦੀ ਹੋਣੀ ਹੈ ਸੋ ਹੋ ਕੇ ਰਹੇਗੀ। ਆਖਣ ਨੂੰ ਤਾਂ ਧੂੜ-ਧੁਸੀਏ ਅਤੇ ਸੰਤ ਧੂੜ-ਭੁਸੀਏ ਆਖਦੇ ਹਨ ਕਿ ਸੰਤਾਂ ਦੀ ਧੂੜ ਨਸੀਬ ਹੋਣੀ ਹੀ ਨਹੀਂ, ਤਾਂ ਸੰਤ ਧੂੜੀ ਪ੍ਰਥਾਇ ਗੁਰਵਾਕ ਕਿਵੇਂ ਸੰਪੂਰਨ ਹੋਣਗੇ। ਇਹਨਾਂ ਭੁਲਿਆਂ ਨੂੰ ਪਤਾ ਹੀ ਨਹੀਂ ਕਿ ਪੂਰਨ ਸੰਤ ਸਰੂਪ ਗੁਰੂ ਨਾਨਕ ਅਤੇ ਉਸਦੇ ਦਸੇ ਹੀ ਸਰੂਪ ਗੁਰੂ ਸੰਤ ਹਰ ਸਮੇਂ ਅਤੇ ਹਰ ਥਾਂ ਤੇ ਹਰ ਦੰਮ ਹਾਜ਼ਰ ਨਾਜ਼ਰ ਹਨ। ਸ਼ਰਧਾ-ਵੰਤਿਆਂ ਨੂੰ ਆਪਣਾ ਸਚਿਖੰਡ ਨਿਵਾਸ ਵਾਲਾ ਪਰਚੰਡੀ ਤੇਜ ਉਚੰਡੀ ਦਰਸ਼ਨ ਦਿੰਦੇ ਹਨ। ਦਰਸ਼ਨ ਹੀ ਨਹੀਂ ਦਿੰਦੇ, ਸਗੋਂ ਆਪਣੇ ਸ਼ਰਧਾਵੰਤਾਂ ਦੀ ਚਰਨ ਧੂੜੀ ਪਰਸਨ ਦੀ ਸ਼ਰਧਾ ਭੀ ਪੂਰੀ ਕਰਦੇ ਹਨ। ਅਨੇਕਾਂ ਗੁਰੂ ਘਰ ਦੇ ਸ਼ਰਧਾ-ਵੰਤਿਆਂ ਗੁਰਮੁਖ ਜਨਾਂ ਦੀ ਸ਼ਾਹਦੀ ਮਉਜੂਦ ਹੈ, ਜਿਨ੍ਹਾਂ ਨੇ ਪਰਤੱਖ ਦਰਸ਼ਨ ਪਰਸਨ ਕੀਤੇ ਅਤੇ ਦਰਸ਼ਨ ਪਰਸਨ ਹਰਸਨੀ ਗੁਰੂ ਸੰਤ ਜੋਤਿ ਜਾਮੇ ਦੇ ਜੋਤਿ-ਜਲਵਨੀ-ਚਰਨਾਂ ਤੇ ਲਿਟਣ ਦੀ ਮਉਜ ਮਾਣੀ ਅਤੇ ਮਾਣ ਰਹੇ ਹਨ। ਉਥੇ ਇਹ ਖਾਕੀ ਨਾਪਾਕੀ ਜਾਮੇ ਵਾਲੇ ਸੰਤਾਂ ਦੀ ਧੂੜੀ ਕੀ ਹੈਸੀਅਤ ਰਖਦੀ ਹੈ ?

## ਪੰਜ ਪਿਆਰੇ

ਪਰਚੇ ਪ੍ਰੀਖਿਆ ਦੇ ਵਿਚੋਂ ਪਾਸ ਹੋ ਕੇ,
ਪੰਜ ਬਲੀ ਜਦ ਤੰਬੂਓਂ ਬਾਹਰ ਆਏ।
ਸੰਗਤਾਂ ਤਕਿਆ ਉਨ੍ਹਾਂ ਮਰਜੀਉੜਿਆਂ ਨੂੰ,
ਪੰਜੇ ਸ਼ੇਰਾਂ ਦਾ ਰੂਪ ਸਨ ਧਾਰ ਆਏ।
ਸਾਬਤ ਸੂਰਤ ਤੇ ਸੀਸ ਦਸਤਾਰ ਦੋਹਰੀ,
ਵਾਂਗ ਚੰਦ੍ਰਮੇ ਰੂਪ ਨਿਖਾਰ ਆਏ।
ਸੋਨੇ ਵਾਂਗ ਕੁਠਾਲੀਓਂ ਨਿਕਲ ਕੇ ਤੇ,
ਬਣ ਕੇ ਸੂਰਮੇ ਸਿੰਘ ਸਰਦਾਰ ਆਏ।
ਬਲੀ ਦੇ ਕੇ ਸਿਰਾਂ ਦੀ ਬਣੇ ਪਿਆਰੇ,
ਹੋਏ ਗੁਰੂ ਦੇ ਦਰ ਪਰਵਾਨ ਪੰਜੇ।
ਤੁੱਠੇ ਗੁਰੂ ਦਸਮੇਸ਼ ਨਿਹਾਲ ਕੀਤਾ,
ਬਣੇ ਪੰਥ ਲਈ ਅਮਰ ਨਿਸ਼ਾਨ ਪੰਜੇ।


www.AKJ.Org

## ਅਕਾਲ ਪੁਰਖ ਦੀ ਦਰਗਾਹ-੧

(ਵਲੋਂ ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਅਗਿਆਨ ਅੰਧਕਾਰ ਗ੍ਰਸੀ ਆਮ ਲੋਕਾਈ ਅਦ੍ਰਿਸ਼ਟ ਅਗੋਚਰ ਪਰਮੇਸੁਰ ਦੀ ਹੋਂਦ ਹਸਤੀ ਤੋਂ ਬਹੁਤ ਕਰਕੇ ਇਸ ਕਾਰਨ ਮੁਨਕਰ ਹੈ ਕਿ ਉਹ ਪੰਜ-ਭੂਤਕ ਅੱਖੀਆਂ ਨੂੰ ਦਿਸਦਾ ਨਹੀਂ। ਬਹੁਤ ਸਾਰੇ ਅਖਾਉਤੀ ਆਸਤਕਤਾਈ ਦੇ ਹਾਮੀ ਬੰਦੇ, ਸਿਖ ਕਹਾਉਣ ਵਾਲੇ ਅਤੇ ਹੋਰ ਅਨਮਤੀ ਮਜ਼ਹਬਾਂ ਦੇ ਦੇਖਾ-ਦੇਖੀ ਬਣ ਬੈਠੇ ਪੈਰੋਕਾਰ ਭੀ ਇਸੇ ਕਾਰਨ ਹੀ ਨਾਸਤਕ ਹੁੰਦੇ ਚਲੇ ਜਾਂਦੇ ਹਨ ਕਿ ਮੌਜੂਦਾ ਨ-ਮੁਕੰਮਲ ਸਾਇੰਸ ਨੇ ਉਨ੍ਹਾਂ ਦੀਆਂ ਅੱਖੀਆਂ ਇਹ ਸਾਬਤ ਕਰਕੇ ਚੁੰਧਿਆਇ ਦਿਤੀਆਂ ਹਨ ਕਿ ਅੱਖੀਆਂ ਤੋਂ ਅਗੋਚਰ ਹੋਰ ਕੋਈ ਅਗੰਮੀ ਹਸਤੀ ਨਹੀਂ, ਜਿਸ ਨੂੰ ਸਾਰੀ ਕਾਇਨਾਤ ਦਾ ਹਰਤਾ ਕਰਤਾ ਕਰਕੇ ਮਤ ਮਤਾਂਤਰੀ ਅਸੂਲਾਂ ਵਾਲਿਆਂ ਅਪਨਾਇਆ ਹੈ। ਅਦਿਸ਼ਟ ਅਗੋਚਰ ਪ੍ਰਮਾਤਮਾ ਦੀ ਹੋਂਦ ਹਸਤੀ ਤੋਂ ਮੁਨਕਰ ਹੋਣਾ ਕੇਵਲ ਇਸ ਕਰਕੇ ਹੀ ਵਜ਼ਨਦਾਰ ਅਹਿਮੀਅਤ ਨਹੀਂ ਰਖਦਾ ਕਿ ਉਹ ਇਨ੍ਹਾਂ ਪੰਜ-ਭੂਤਕ ਅੱਖੀਆਂ ਦੇ ਦਿਸਣ ਗੋਚਰਾ ਨਹੀਂ। ਗੁਰਬਾਣੀ ਦੇ ਪ੍ਰਮਾਣ ਇਹ ਸਪੱਸ਼ਟ ਸਿਧ ਕਰਦੇ ਹਨ ਕਿ ਉਹ ਅੱਖੀਆਂ ਹੋਰ ਹਨ, ਜਿਨ੍ਹਾਂ ਦੁਆਰਾ ਪਿਰੀ ਪਰਮੇਸ਼ੁਰ ਪ੍ਰਤੱਖ ਦਿਸ ਸਕਦਾ :-*"ਸੇ ਅਖੜੀਆ ਬਿਅੰਨ ਜਿਨੀ ਦਿੱਸਦੋ ਮਾ ਪਿਰੀ।"*

ਗੁਰਬਾਣੀ ਤੋਂ ਇਹ ਭੀ ਸਾਬਤ ਹੁੰਦਾ ਹੈ ਕਿ ਗੁਰੂ ਘਰ ਦੇ ਗੁਰਮੁਖ ਜਨਾਂ ਨੇ, ਦਿੱਬ-ਦਿਸਟ-ਦੀਦਿਆਂ ਵਾਲੇ ਸੁੱਚਜੇ ਆਰਫ਼ਾਂ ਨੇ, ਅਦ੍ਰਿਸ਼ਟ ਅਗੋਚਰ ਵਾਹਿਗੁਰੂ ਨੂੰ ਪ੍ਰਤੱਖ ਦੇਖਿਆ ਅਤੇ ਹੁਣ ਭੀ ਦੇਖ ਸਕਦੇ ਹਨ ਤੇ ਦੇਖ ਰਹੇ ਹਨ। ਹੁਣ ਗੁਰਬਾਣੀ ਪ੍ਰਮਾਣਾਂ ਦੁਆਰਾ ਇਸ ਗੱਲ ਤੇ ਰੋਸ਼ਨੀ ਪਾਈ ਜਾਵੇਗੀ ਕਿ ਅਦ੍ਰਿਸ਼ਟ, ਅਗੰਮ ਤੇ ਲਾ-ਮਹਿਦੂ ਖ਼ੁਦਾ ਦੀ ਖ਼ੁਦਾਈ ਵਿਚ ਅਨੇਕ ਪ੍ਰਕਾਰ ਦੀ ਰਚਨਾ ਐਸੀ ਹੈ ਜੋ ਇਨ੍ਹਾਂ ਅੱਖਾਂ ਕਰਕੇ ਨਹੀਂ ਦਿਸਦੀ, ਪਰ ਵਾਸਤਵ ਵਿੱਚ ਹੈ ਸਹੀ। ਲੋਕਾਂ ਦੀ ਜੋ ਇਹ ਆਮ ਕਹਾਵਤ ਹੈ ਕਿ "ਇਹ ਜਗ ਮਿੱਠਾ, ਅਗਲਾ ਕਿਨ੍ਹ ਡਿੱਠਾ" ਇਹ ਉੱਕੀ ਹੀ ਕਪੋਲ ਕਲਪਤ ਕਹਾਵਤ ਹੈ। ਪਾਰਦਰਸੀ ਗੁਰੂ ਸਾਹਿਬਾਨ ਨੇ ਤਾਂ ਉਨ੍ਹਾਂ ਅਨਗਿਣਤ, ਬੇਸ਼ੁਮਾਰ ਖੰਡਾਂ, ਬ੍ਰਹਿਮੰਡਾਂ ਅਤੇ ਅਸੰਖਾਂ ਅਣਦਿਸਦੀਆਂ ਦੁਨੀਆਵਾਂ, ਰਚਨਾਵਾਂ ਨੂੰ ਆਪਣੇ ਦਿੱਬ-ਦ੍ਰਿਸ਼ ਦੇ ਨੇਤਰਾਂ ਦੁਆਰਾ ਸਾਂਗੋਂ-ਪਾਂਗ ਪੇਖ ਕੇ ਹੀ ਦਸਿਆ ਦ੍ਰਿੜ੍ਹਿਆ ਹੈ :-

ਅਗੰਮ ਅਗੰਮ ਅਸੰਖ ਲੋਅ॥"

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥"

"ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ॥"

"ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥"

ਇਹ ਨਿਜ ਦ੍ਰਿਸਟਿ ਦੇਣੀ ਸ਼ਹਾਦਤ ਸਤਿਗੁਰੂ ਨਾਨਕ ਸਾਹਿਬ ਨੇ ਤਾਂ ਉਦੋਂ ਦੀ ਭਰੀ ਹੋਈ ਹੈ, ਜਦੋਂ ਏਸ ਸਾਇੰਸ ਨੇ ਅਜੇ ਆਪਣੇ ਚਮਤਕਾਰੇ ਭੀ ਨਹੀਂ ਵਿਖਾਏ ਸਨ ਤੇ ਨ ਸਾਇੰਸ ਅਜੇ ਪੂਰੀ ਵਜੂਦ ਵਿਚ ਹੀ ਆਈ ਸੀ। ਇਨ੍ਹਾਂ ਗੁਰ-ਦਰਸਾਈਆਂ ਅਗੰਮੀ ਗੱਲਾਂ ਨੂੰ ਐਵੇਂ ਖ਼ਿਆਲੀ ਮਨਘੜਤ ਗਪੌੜੇ ਹੀ ਸਮਝਿਆ ਜਾਂਦਾ ਸੀ; ਅੱਜ ਨਿਰੰਕਾਰੀ ਗੁਰੂ ਨਾਨਕ ਦੀ ਪਾਰਦਰਸਤਾ ਨੂੰ ਸਤਿ ਸਤਿ ਕਰ ਕੇ ਮੰਨਣ ਦਾ ਸੰਦੇਹ ਕਿਸੇ ਨੂੰ ਕੀ ਹੋ ਸਕਦਾ ਹੈ, ਜਦ ਕਿ ਸਾਇੰਸਦੇ ਕਿੰਚਤ ਮਾਤਰੀ ਤਜਰਬਿਆਂ ਨੇ ਸਾਬਤ ਕਰ ਦਿਤਾ ਹੈ ਕਿ ਇਹ ਜੋ ਅਕਾਸ਼ ਦੇ ਲਾ-ਮਹਿਦੂਦ ਪੁਲਾੜ ਵਿਚ ਬੇਅੰਤ ਤਾਰੇ-ਸਿਤਾਰੇ ਦਿਸ ਰਹੇ ਹਨ, ਸਭ ਵਸਦੀਆਂ ਦੁਨੀਆਵਾਂ ਹਨ। ਚਾਹੇ ਅਜੇ ਬਹੁਤ ਸਾਰੇ ਸਾਇੰਸਦਾਨ ਉਖੜੇ ਕੁਹਾੜੇ ਹੀ ਮਾਰਦੇ ਹਨ, ਕਿਉਂਕਿ ਉਨ੍ਹਾਂ ਨੇ ਉਸ ਨਿਗਾਹ ਨਾਲ ਇਹਨਾਂ ਅਗੰਮੀ ਰਚਨਾਵਾਂ ਨੂੰ ਅਜੇ ਦੇਖਿਆ ਹੀ ਨਹੀਂ (ਨਾ ਹੀ ਉਹ ਦੇਖ ਸਕਦੇ ਹਨ) ਜਿਸ ਨਿਗਾਹ ਨਾਲ ਕਿ ਨਿਰੰਕਾਰੀ ਗੁਰੂ ਸਾਹਿਬ ਨੇ ਪੇਖਿਆ-ਪਰਖਿਆ ਹੈ ਅਤੇ ਅਨੇਕਾਂ ਗੁਰੂ-ਘਰ ਦੇ ਪਹੁੰਚੇ ਹੋਏ ਪੁਗ ਚੁਕੇ ਗੁਰਮੁਖ ਜਨਾਂ ਨੂੰ ਸਤਿਗੁਰਾਂ ਦੀ ਕਿਰਪਾ-ਦ੍ਰਿਸ਼ਟੀ ਨੇ ਪੇਖਾਇਆ ਪਰਤੱਖਾਇਆ ਹੈ। ਫੇਰ ਭੀ ਜੇ ਅਪਤੀਜਣਹਾਰੇ ਨ ਪਤੀਜਣ ਤਾਂ ਕਿਸੇ ਦਾ ਕੀ ਕਸੂਰ ।

ਵਾਹਿਗੁਰੂ ਦੀ ਹਸਤੀ ਨੂੰ ਜੇ ਉਹ ਬੱਧੇ ਰੁੱਧੇ ਮੰਨ ਭੀ ਜਾਣ ਤਾਂ ਉਹ ਵਾਹਿਗੁਰੂ ਦੀ ਦਰਗਾਹ ਨੂੰ ਉੱਕਾ ਹੀ ਨਹੀਂ ਮੰਨਦੇ। ਅਗੇ ਨੂੰ ਯਾ ਅਗਲੀ ਅਗੰਮੀ ਵਸਦੀ ਦੁਨੀਆਂ ਨੂੰ ਤਾਂ ਉਹ ਅਜੇ ਭੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨਾ ਕੋਈ ਅੱਗਾ ਹੈ, ਨਾ ਅਗਲੀ ਦੁਨੀਆਂ ਹੈ, ਨਾ ਕੋਈ ਕਰਮਾਂ ਦਾ ਵੀਚਾਰ ਹੈ ਤੇ ਨਾ ਕੋਈ ਲੇਖਾ ਲੈਣਹਾਰ ਹੈ। ਨਾ ਧਰਮ ਰਾਇ ਹੈ ਨਾ ਕੋਈ ਜਮ ਜੰਦਾਮ ਹੈ। ਨਾ ਕੋਈ ਨਰਕ ਨਾ ਸੁਰਗ ਬਹਿਸ਼ਤ ਹੈ। ਐਵੇਂ ਸਭ ਖ਼ਾਮ ਖ਼ਿਆਲੀਆਂ ਹੀ ਹਨ। ਪਰ ਗੁਰਸਿਖਾਂ ਨੂੰ ਏਹਨਾਂ ਗੱਲਾਂ ਦੇ ਮੰਨਣੋਂ ਨਾਂਹ ਕਰਨ ਲਈ ਕੋਈ ਥਾਉਂ ਨਹੀਂ, ਜੇ ਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ। ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਗੁਰੂ ਸਤਿ ਪੁਰਖਾ ਦੁਆਰਾ ਆਈ ਬਾਣੀ ਜੋ ਕੁਝ ਭੀ ਦਰਸਾਉਂਦੀ ਦ੍ਰਿੜਾਉਂਦੀ ਹੈ ਇਹ ਸਭ ਕੁਝ ਸਤਿ ਹੈ ਤੇ ਗੁਰਸਿਖਾਂ ਦੇ ਸਤਿ ਸਤਿ ਕਰ ਮੰਨਣ ਯੋਗ ਹੈ।

ਗੁਰੂ ਸਾਹਿਬਾਨ ਧੁਰੋਂ ਆਏ, ਆਦਿ ਜੁਗਾਦੀ ਸਤਿ-

ਪੁਰਖ, ਅਕਾਲ ਪੁਰਖ ਦੇ ਗੁੱਰਤਤਾਏ ਹੋਇ ਸਤਿ ਪੁਰਖ ਕੋਈ ਰੌਚਕ, ਭਿਆਨਕ ਕਥਾ ਨਹੀਂ ਕਥਦੇ, ਜੈਸਾ ਕਿ ਕਈ ਇਕ ਖਰੜ ਗਿਆਨੀਆਂ ਦਾ ਚੁੰਚ ਕਥੱਗਰੀ ਖ਼ਿਆਲ ਹੈ, ਉਨ੍ਹਾਂ ਦਾ ਧੁਰ ਕੀ ਬਾਣੀ ਦੁਆਰਾ ਦਰਸਾਇਆ, ਪ੍ਰਗਟਾਇਆ ਹਰ ਇਕ ਅਭਿੱਪਰਾ ਸਤਿ ਹੈ ਤੇ ਸਤਿ ਸਤਿ ਕਰ ਮੰਨਣ ਜੋਗ ਹੈ। ਨਿਰੋਲ ਯਥਾਰਥ ਗਿਆਨ ਹੈ, ਕਿਉਂਕਿ ਭਰਮ ਭਰਾਂਤੀ ਰਾਈ ਮਾਤਰ ਭੀ ਨਹੀਂ। ਸਮਗਰ ਗੁਰ-ਗਿਆਨ ਦ੍ਰਿੜਾਏ ਸਿਧਾਂਤ ਤੇ ਗੁਰਬਾਣੀ ਅੰਦਰ ਆਏ ਗੁਰਮਤਿ-ਗਿਆਨ ਤੋਂ ਸਿਰ ਫੇਰਨਾ ਬੇ-ਸਿਦਕ ਤੇ ਸਰਧਾ-ਹੀਣੇ ਅਸਿਖਾਂ ਦਾ ਕੰਮ ਹੈ, ਪਰ ਬਿਚਾਰੇ ਦੇਖਾ ਦੇਖੀ ਤੇ ਅਣਜਾਣ ਸਿਖਾਂ ਨੂੰ ਇਹ ਭੀ ਪਤਾ ਨਹੀਂ ਕਿ ਸਚਮੁਚ ਗੁਰਬਾਣੀ ਏ.ਹਨਾਂ ਉਪਰ ਟੂਕ ਮਾਤ੍ਰ ਦਸੀਆਂ ਅਸਲੀਅਤਾਂ ਨੂੰ ਦ੍ਰਿੜਦੀ-ਦ੍ਰਿੜ੍ਹਾਉਂਦੀ ਭੀ ਹੈ, ਸੋ ਐਸੇ ਅਣਜਾਣਾਂ ਨੂੰ ਗੁਰਵਾਕਾ ਦੇ ਪਰਮਾਣਾਂ ਦੀ ਗੁਰਮਤਿ ਸਿਧਾਂਤੀ ਵਿਆਖਿਆ ਹੀ ਸਿਧੇ ਤੇ ਸਚੇ ਰਸਤੇ ਤੇ ਸਰਧਾ ਸੁਮਾਰਗੀ ਪਰ ਲਿਆਉਣ ਲਈ ਸਮਰਥ ਹੈ, ਇਸ ਲਈ ਗੁਰ-ਪ੍ਰਮਾਣਾਂ ਦੀ ਪ੍ਰੋੜਤਾ ਨਾਲ ਹੀ ਤਿਨ੍ਹਾਂ ਦੇ ਕੱਚੇ ਨਿਸਚਿਆਂ ਨੂੰ ਪੱਕੇ ਕਰਨ ਲਈ ਪਰਮ ਜ਼ਰੂਰੀ ਸਮਝ ਕੇ ਸਮੁਚੀ ਵੀਚਾਰ ਗੁਰ-ਪ੍ਰਮਾਣਾਂ ਦੇ ਅਧਾਰ ਪਰ ਹੀ ਰਖੀ ਗਈ ਹੈ :-

ਨਿਤਾ ਪ੍ਰਤੀ ਅਸੀਂ ਕੀਰਤਨ ਸੋਹਿਲੇ ਦਾ ਪਾਠ ਕਰਦੇ ਹੋਏ ਇਹ ਤੁਕ ਪੜ੍ਹਦੇ ਹਾਂ :-

"ਈਹਾ ਖਾਟਿ ਚਲਹੁ ਹਰਿ ਲਾਹਾ, ਆਗੈ ਬਸਨੁ ਸੁਹੇਲਾ।"

ਜੋ ਗੁਰਸਿਖ ਹੋ ਕੇ ਇਸ ਗੁਰਵਾਕ ਦੀ ਸਚਾਈ ਤੇ ਨਹੀਂ ਪਤੀਜਦੇ, ਕੀ ਉਨ੍ਹਾਂ ਉਤੇ ਸਿਖ ਪਦ ਸੱਚੇ ਅਰਥਾਂ ਵਿਚ ਘਟ ਸਕਦਾ ਹੈ । ਅੱਗਾ ਹੈ, ਪਰ ਅਗੇ ਜਾ ਕੇ ਵਸਣਾ ਉਨ੍ਹਾਂ ਦਾ ਹੀ ਸੁਹੇਲਾ ਹੈ, ਜਿਨ੍ਹਾਂ ਨੇ ਏਸ ਦੁਨੀਆ ਵਿਚ ਰਹਿ ਕੇ ਸੱਚਾ ਲਾਹਾ, ਹਰਿ-ਲਾਹਾ, ਹਰਿ ਨਾਮ ਜਪਣ ਦਾ ਲਾਹਾ, ਸੱਚੀ ਗੁਰਮਤਿ-ਨਾਮ-ਅਭਿਆਸ ਕਮਾਈ ਦਾ ਲਾਹਾ ਖਟਿਆ ਕਮਾਇਆ ਹੈ। ਇਹ ਗੁਰਵਾਕ ਸਪਸ਼ਟ ਦਸਦਾ ਹੈ ਕਿ ਅੱਗਾ ਹੈ, ਕੇਵਲ "ਅੱਗਾ" ਹੈ ਹੀ ਨਹੀਂ, ਸਗੋਂ "ਅੱਗਾ" ਉਹ ਸਚਾ ਅਸਥਾਨ ਹੈ ਜਿਥੇ ਜਾ ਕੇ ਅਸੀ ਵਸਣਾ ਹੈ। ਅਰ ਅਗੇ ਵਸਣਾ ਤਿਨ੍ਹਾਂ ਗੁਰਮੁਖ ਨਾਮ-ਅਭਿਆਸੀ ਜਨਾਂ ਦਾ ਹੀ ਸਫਲਾ, ਸੁਹੇਲਾ ਹੈ, ਜਿਨ੍ਹਾਂ ਨੇ ਮਨੁੱਖਾ ਜਨਮ ਪਾਇ ਕੇ ਗੁਰ-ਦੀਖਤ ਹੋਇ ਗੁਰਸਿੱਖ ਬਣ ਤੇ ਸੱਚੀਆਂ ਨਾਮ-ਕਮਾਈਆਂ ਦੇ ਸਦੇ ਅਤੇ ਅਟੁੱਟ ਲਾਹੇ ਲਏ ਹਨ। ਤਿਨ੍ਹਾਂ ਗੁਰਮੁਖਾਂ ਨੂੰ ਇਸ ਦੁਨੀਆਂ ਅੰਦਰ ਰਹਿੰਦਿਆਂ "ਆਗੈ ਬਸਨੁ ਸੁਹੇਲਾ" ਦਾ ਅਮੰਨਾ ਆ ਜਾਂਦਾ ਹੈ। ਇਕ ਵਾਰ ਅਮੰਨਾ ਆ ਕੇ ਫੇਰ ਗੁਰਬਾਣੀ ਦਰਸਾਈਆਂ ਸਾਰੀਆਂ ਹੀ ਹਕੀਕਤਾਂ ਤੇ ਸੱਚਾ ਈਮਾਨ ਇਸਥਿਤ ਹੋ ਜਾਂਦਾ ਹੈ। ਉਨ੍ਹਾਂ ਨੂੰ ਇਹ ਭੀ ਭਰੋਸਾ ਹੋ ਜਾਂਦਾ ਹੈ ਕਿ ਇਹ ਜੋ ਅਗੇ ਵ੍ਸਣ, ਸੁਹੇਲੇ ਵਸਣ ਵਾਲਾ ਵਾਸਾ ਹੈ, ਅਕਾਲ ਪੁਰਖ ਦੇ ਨਿਜ ਘਰ ਮਹਿਲਾਂ ਦਾ ਵਾਸਾ ਹੈ, ਤੇ ਸੁਖ ਸਹਿਜ ਵਾਸਾ ਹੈ। ਕਿਉਂਕਿ ਏਸੇ ਕੀਰਤਨ ਸੋਹਿਲੇ ਦੀ ਬਾਣੀ ਵਿਚ ਅਗਲੇ ਰੀ ਤੁਕ ਇਹ ਨਿਸਚਾ ਕਰਾਉਂਦੀ ਹੈ ਕਿ :-

"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ॥"

ਇਹ ਵਾਕ ਦਸਦਾ ਹੈ ਕਿ ਗੁਰਮਤਿ-ਨਾਮ-ਅਰਾਧਣ ਵਾਲਿਆਂ ਨੂੰ ਆਪਣੇ ਨਿਜ ਘਰ, ਆਪਣੀ ਨਿਜ-ਕਾਇਆਂ ਅੰਦਰ ਹੀ ਮਹਲੀ-ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜ ਸੇਤੀ ਹੀ ਪਾਵਣਾ ਪ੍ਰਾਪਤ ਹੋ ਜਾਂਦਾ ਹੈ। ਐਸੇ ਸੁਖ ਸਹਿਜ ਸੇਤੀ ਨਿਜ ਘਰ ਵਿਚ ਵਾਹਿਗੁਰੂ ਮਹਲੀਸ਼ਰ ਦਾ ਮਹਿਲ ਪਾਵਣ-ਹਾਰਿਆਂ ਦਾ ਜਨਮ ਮਰਨ ਸਗਲਾ ਮਿਟ ਜਾਂਦਾ ਹੈ। ਉਹਨਾਂ ਦਾ ਫੇਰ ਇਸ ਸੰਸਾਰ ਵਿਚ ਆਉਣਾ ਜਾਣਾ ਅਰਥਾਤ ਫੇਰਾ ਨਹੀਂ ਹੁੰਦਾ। ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਇਹ ਆਉਣਾ ਜਾਣਾ (ਆਵਾ-ਗਵਨ) ਮਿਟਦਾ ਹੈ। ਗੁਰੂ ਕਰਤਾਰ ਦੇ ਪ੍ਰਤਾਪ ਕਰ ਹੀ ਵਾਹਿਗੁਰੂ ਦਾ ਤੇ ਵਾਹਿਗੁਰੂ ਦੇ ਮਹਿਲ ਦਾ ਮਨ ਵਿਖੇ ਵਸੇਰਾ ਹੁੰਦਾ ਹੈ। ਪਰ ਉਸ ਵਥ ਵਿਹਾਜੀ ਤੋਂ ਹੁੰਦਾ ਹੈ ਜਿਸ ਦੀ ਖ਼ਾਤਰ ਇਹ ਮਨੁਖਾ ਦੇਹ ਜਨਮ ਧਾਰ ਕੇ ਏਥੇ ਆਏ ਹਾਂ, ਅਰਥਾਤ ਨਾਮ-ਕਮਾਈਆਂ ਕਰਕੇ ਨਾਮ ਕਮਾਈਆਂ ਦਾ ਸਚਾ ਸੌਦਾ ਵਿਹਾਜ ਕੇ ਹੁੰਦਾ ਹੈ। ਜਿਹਾ ਕਿ ਉਪਰਲੇ ਗੁਰਵਾਕ ਦੀ ਪਹਿਲੀ ਤੁਕ ਦਰਸਾਉਂਦੀ ਹੈ :-

"ਜਾ ਕਉ ਆਏ ਸੋਈ ਬਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ॥"

ਇਨ੍ਹਾਂ ਤੁਕਾਂ ਤੋਂ ਨਾ ਕੇਵਲ "ਹਰਿ ਗੁਰ ਤੇ ਮਨਹਿ ਬਸੇਰਾ" ਤੇ "ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ" ਵਾਲਾ ਗੁਰਮਤਿ ਸਿਧਾਂਤ ਸਿਧ ਹੋਇਆ ਬਲਕਿ "ਬਹੁਰਿ ਨ ਹੋਇਗੋ ਫੇਰਾ" ਦਾ ਪੂਰਨ ਯਕੀਨ ਭੀ ਆਉਂਦਾ ਹੈ। ਜੋ ਇਸ ਗੱਲ ਨੂੰ ਭੀ ਨਿਸਚਤ ਕਰਾਉਂਦਾ ਹੈ ਕਿ ਆਵਾ-ਗਵਨ ਦਾ ਅਸੂਲ ਭੀ ਗੁਰਮਤਿ ਅੰਦਰ ਅਪਣਾਇਆ ਗਿਆ ਹੈ ਅਤੇ ਸਤਿ ਜਣਾਇਆ ਗਿਆ ਹੈ ਕਿ ਜੋ ਮਨਮੁਖ ਅਨਮਤੀ ਅਨਮਤੀਏ 'ਗੁਰਮੁਖਿ-ਨਾਮ' ਨਹੀਂ ਜਪਦੇ ਤਿਨ੍ਹਾਂ ਚੁਰਾਸੀ ਦੇ ਜੀਵਾਂ ਨੂੰ ਜ਼ਰੂਰ ਜੂਨਾਂ ਦੇ ਗਉਣੀ ਪੁਆੜੇ ਵਿਚ ਪੈਣਾ ਪੈਂਦਾ ਹੈ। ਇਹ ਆਵਾ ਗਉਣੀ ਪੁਆੜੇ ਤਦੇ ਹੀ ਮਿਟਦੇ ਹਨ, ਜੇ ਗੁਰਮਤਿ-ਨਾਮ ਅਰਾਧ ਕੇ ਨਿਜ ਘਰ ਮਹਿਲੀ, ਅਗਾਧ ਸਹਿਜ-ਸਮਾਧ ਵਿਚ ਇਸਥਿਤੀ ਹੋ ਜਾਵੇ। ਜਿਥੇ ਪਹੁੰਚ ਕੇ ਅਰਥਾਤ ਜਿਸ ਪੁਗਣੀ ਪੁਗ ਕੇ ਸਚੀਆਂ ਵਡਿਆਈਆਂ ਮਿਲਦੀਆਂ ਹਨ ਅਤੇ



www.AKJ.Org

"ਸਦ ਖੁਸੀਆਂ ਸਦ ਚਾਉ" ਵਾਲੇ ਸਚੇ ਅਨੰਦ ਅਹਿਲਾਦੀ ਲਾਹੇ ਮਿਲਦੇ ਹਨ, ਅਤੇ ਮੁਖ ਉਜਲ ਹੁੰਦੇ ਹਨ। ਮੁਖ ਉਜਲਤਾਈਆਂ ਦੇ ਟਿਕੇ ਤਿਨ੍ਹਾਂ ਗੁਰਮੁਖਾਂ ਦੇ ਮੁਖ ਤੇ ਨਿਕਲਦੇ ਹਨ, ਜ੍ਹਿਨਾਂ ਦੇ ਮਨਾਂ ਅੰਦਰ ਸਚੇ ਨਾਮ ਦਾ ਨਿਵਾਸ ਧੁਰ ਤਾਈਂ ਓੜ ਨਿਭਦਾ ਹੈ। ਯਥਾ ਗੁਰਵਾਕ :-

"ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥"
(ਸਿਰੀ ਰਾਗੁ ਮ: ੧, ਪੰਨਾ ੧੬)

ਪਰ ਨਾਮ-ਹੀਣੇ ਮਨਮੁਖ ਇਨ੍ਹਾਂ ਮੁਖ ਉਜਲ-ਟੀਕ-ਵਡਿਆਈਆਂ ਤੋਂ ਖ਼ਾਲੀ ਹੀ ਰਹਿ ਜਾਂਦੇ ਹਨ, ਉਨ੍ਹਾਂ ਨੂੰ ਅਗੇ ਜਾ ਕੇ ਪਤਾ ਲਗੂ ਕਿ ਉਹ ਸਚਮੁਚ ਨਾਮ-ਵਿਹੂਣ ਇਸ ਵਡਿਆਈ ਤੋਂ ਸਖਣੇ ਰਹਿ ਗਏ ਹਨ, ਉਨ੍ਹਾਂ ਦਾ ਮਨੁਖਾ ਜਨਮ ਐਵੇਂ ਅਕਾਰਥ ਹੀ ਗਿਆ। ਯਥਾ ਗੁਰਵਾਕ :-

ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥੩॥
(ਸਿਰੀ ਰਾਗੁ ਮਹਲਾ ੧, ਪੰਨਾ ੧੬)

ਮਨਮੁਖਾਂ ਨੂੰ ਤਾਂ ਅਗੇ ਜਾ ਕੇ ਹੀ ਅੱਗੇ ਦਾ ਤੇ ਅੱਗੇ ਦੇ ਵਰਤਾਰੇ ਦਾ ਪਤਾ ਲਗੇਗਾ, ਪੰਤੂ ਪ੍ਰਤੀਤ ਵਾਲੇ ਗੁਰਮੁਖਾਂ ਨੂੰ ਇਸ ਅੱਗੇ ਦੀ ਏਥੇ ਹੀ ਖ਼ਬਰ ਤੇ ਪਤੀਜ ਹੈ। ਮਨਮੁਖਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਕਰ ਕੇ ਉਨ੍ਹਾਂ ਦੀ ਨਾਮ ਉਤੇ ਪਰਤੀਤ ਨਹੀਂ ਆਉਂਦੀ ਤੇ ਨਾ ਹੀ ਅੱਗੇ ਦੀ ਪਤੀਜ ਉਪਜਦੀ ਹੈ। ਬਸ ਉਹ ਐਥੋਂ ਖ਼ਾਲੀ ਹਥ ਰੋਂਦੇ ਹੀ ਉਠ ਜਾਣਗੇ ਤੇ ਅਗਲੀ ਦੁਨੀਆਂ ਨੂੰ ਲਦ ਜਾਣਗੇ। ਅਗਲੀ ਦਰਗਾਹ ਵਿਚ ਗਇਆਂ ਹੀ ਉਨ੍ਹਾਂ ਨੂੰ ਪਤਾ ਲਗੂ ਕਿ ਨਾਮ ਵਿਸਾਰਿਆਂ ਅਗਲੀ ਦਰਗਾਹ ਗਇਆਂ ਉਨ੍ਹਾਂ ਨਾਲ ਕੀ ਬਣੇਗੀ ਤੇ ਓਥੇ ਕੀ ਬਣਦੀ ਹੈ। ਯਥਾ ਗੁਰਵਾਕ :-

"ਨਰਕਿ ਪਰਹਿ ਤੇ ਮਾਨਈ, ਜੋ ਹਰਿ ਨਾਮ ਉਦਾਸ॥"੯੫
(ਸਲੋਕ ਕਬੀਰ ਜੀ, ਪੰਨਾ ੧੩੬੯)

"ਜਲੀਆ ਸਭਿ ਸਿਆਣਪਾ, ਉਠੀ ਚਲਿਆ ਰੋਇ॥
ਨਾਨਕ ਨਾਮਿ ਵਿਸਾਰਿਐ, ਦਰਿ ਗਇਆ ਕਿਆ ਹੋਇ"॥੪॥੮॥
(ਸਿਰੀ ਰਾਗੁ ਮਹਲਾ ੧)

ਨਾਮ ਤੋਂ ਬਿਨਾ ਜਿਤਨੇ ਭੀ ਜਪ ਤਪ ਸੰਜਮੀ ਅਨਮਤਾਂ ਵਾਲੇ ਸੀਂਗਾਰ ਹਨ ਏਨ੍ਹਾਂ ਦੁਆਰਾ ਪਿਰੀ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੁੰਦੀ। ਪਿਰ ਬਿਨ ਸੀਂਗਾਰ ਸਭ ਬਿਰਥੇ ਹਨ, ਤਿਨ੍ਹਾਂ ਦੇ ਕਰਨ-ਹਾਰਿਆਂ ਨੂੰ ਦਰਿ ਢੋਈ ਨਹੀਂ ਮਿਲਦੀ। ਇਸ ਤਰ੍ਹਾਂ ਦਾ ਝੂਠਾ ਸੀਂਗਾਰ ਦਰਗਾਹ ਵਿਚ ਖੁਆਰ ਕਰਨਹਾਰਾ ਹੈ। ਯਥਾ ਗੁਰਵਾਕ :-

ਮੁੰਧੇ ਪਿਰ ਬਿਨੁ ਕਿਆ ਸੀਗਾਰੁ॥
ਦਰਿ ਘਰਿ ਢੋਈ ਨ ਲਹੈ,
ਦਰਗਹ ਝੂਠੁ ਖੁਆਰੁ॥੫॥੧੩॥
(ਸਿਰੀ ਰਾਗੁ ਮਹਲਾ ੧, ਪੰਨਾ ੧੮)

ਨਾਮ ਵਿਸਾਰਨ-ਹਾਰੇ ਅੰਧਲੇ ਮੂਰਖ ਗਾਵਾਰ ਮਨਮੁਖੀਏ ਪੁਰਸ਼ ਅੰਧ-ਧੁੰਦ ਗੁਬਾਰ ਵਿਚ ਹੀ ਫਿਰਦੇ ਰਹਿੰਦੇ ਹਨ; ਤਿਨ੍ਹਾਂ ਦਾ ਆਵਣ ਜਾਣ ਨਹੀਂ ਚੁਕਦਾ, ਉਹ ਮੁੜ ਮੁੜ ਜੰਮ ਜੰਮ ਤੇ ਮਰਿ ਮਰਿ ਕੇ ਜੂਨੀਆਂ ਵਿਚ ਖੁਆਰ ਹੀ ਹੁੰਦੇ ਰਹਿੰਦੇ ਹਨ। ਯਥਾ ਗੁਰਵਾਕ :-

"ਅੰਧੁਲੈ ਨਾਮੁ ਵਿਸਾਰਿਆ, ਮਨਮੁਖਿ ਅੰਧ ਗੁਬਾਰੁ॥
ਆਵਣ ਜਾਣੁ ਨ ਚੁਕਈ, ਮਰਿ ਜਨਮੈ ਹੋਇ ਖੁਆਰੁ॥"
(ਪੰਨਾ ੧੯) (ਸਿਰੀ ਰਾਗੁ ਮਹਲਾ ੧)

ਇਸ ਗੁਰਵਾਕ ਦੁਆਰਾ ਗੁਰਮਤਿ ਦਾ ਆਵਾਗਵਨੀ ਮਸਲਾ ਭੀ ਪਰਸਿੱਧ ਤੇ ਤਸਲੀਮ ਹੈ। ਆਵਾਗਉਣ ਦੇ ਅਸੂਲ ਤੋਂ ਕੋਈ ਸਿਖ ਸਿਰ ਫੇਰ ਨਹੀਂ ਸਕਦਾ। ਜਨਮ-ਜੋਨੀਆਂ ਵਿਚ ਭਉਣਾ ਹੀ ਪੈਂਦਾ ਹੈ ਤੇ ਛੁਟਕਾਰਾ ਗੁਰਮਤਿ ਨਾਮ ਜਪਿਆਂ ਹੀ ਹੁੰਦਾ ਹੈ। ਨਾਮ-ਜਪਣ ਦੀ ਸਚੀ ਕਾਰੇ ਲਗਿਆਂ ਹੀ ਹੁੰਦਾ ਹੈ। ਨਾਮ ਦੀ ਸੱਚੀ ਕਾਰ ਕਮਾਈ ਅਭਿਆਸ ਸੇਵਾ ਦੇ ਪ੍ਰਤਾਪ ਕਰ ਸਚ ਦੀ (ਸਚੇ ਵਾਹਿਗੁਰੂ) ਦੀ ਪ੍ਰਾਪਤੀ ਹੁੰਦੀ ਹੈ। ਇਹ ਵਾਹਿਗੁਰੂ ਰੂਪੀ ਸਚ ਪਦਾਰਥ ਗੁਰਮਤਿ ਦੁਆਰਾ ਹੀ ਪੱਲੇ ਪਿਆ ਹੈ, ਐਵੇਂ ਨਹੀਂ। ਜਿਸ ਦੇ ਇਹ ਪਦਾਰਥ ਪਲੇ ਪਿਆ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ, ਉਹ ਜਨਮ ਰਹਿਤ ਹੋ ਜਾਂਦਾ ਹੈ, ਜੂਨਾਂ ਵਿਚ ਨਹੀਂ ਪੈਂਦਾ। ਉਹ ਉਜਲ ਮੁਖ ਲੈ ਕੇ ਜਾਂਦਾ ਹੈ ਤੇ ਹਰਿ-ਦਰਗਾਹੇ ਖਾਸ ਦਰ-ਪਰਵਾਨੀ, ਦਰ-ਪ੍ਰਧਾਨੀ ਸਿਰੋਪਾਉ ਸੇਤੀ ਪੈਧਾ (ਪਹਿਨਾਇਆ) ਜਾਂਦਾ ਹੈ। ਯਥਾ ਗੁਰਵਾਕ :-

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥
ਸੋ ਨਰੁ ਜੰਮੈ ਨਾ ਮਰੈ, ਨਾ ਆਵੈ ਨਾ ਜਾਇ॥
ਨਾਨਕ ਦਰਿ ਪਰਧਾਨੁ ਸੋ, ਦਰਗਹਿ ਪੈਧਾ ਜਾਇ॥
(ਸਿਰੀ ਰਾਗ ਮਹਲਾ ੧, ਪੰਨਾ ੧੯)

ਇਹ ਗੁਰਵਾਕ ਗੁਰਮਤਿ ਦੇ ਦੋ ਅਸੂਲ ਪਰਵਾਨਦਾ ਹੈ :
(੧) ਆਵਾ ਗਉਣ ਦੇ ਮਸਲੇ ਵਾਲਾ।
(੨) ਹਰਿ ਦਰਗਹਿ ਦੀ ਸਤਤਾ ਵਾਲਾ।

ਸਤਿਗੁਰ ਦੀ ਸਚੀ ਸੇਵਾ ਸਤਿਗੁਰੂ ਦ੍ਰਿੜਾਈ ਦੀ ਖ਼ਸ਼ਾਈ ਭਗਤੀ ਹੈ। ਗੁਰ-ਦੀਖਿਆ ਗੁਰਮੰਤ੍ਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਨਾ ਮਾਨੋਂ ਸਤਿਗੁਰੂ ਦੀ ਸਚੀ ਸੇਵਾ ਵਿਖੇ ਤਤਪਰ ਹੋਣਾ ਹੈ। ਜੋ ਗੁਰਮੁਖ ਸਤਿਗੁਰ ਦੀ ਇਸ ਸਚੀ ਸੇਵਾ ਕਮਾਈ ਵਿਚ ਸਦਾ ਤਤਪਰ ਰਹਿੰਦਾ ਹੈ, ਤਿਸ ਵਿਟਹੁੰ ਸਤਿਗੁਰੂ ਸਚੇ ਪਾਤਸ਼ਾਹ ਵਾਰਨੇ ਬਲਿਹਾਰਨੇ


www.AKJ.Org

ਜਾਂਦੇ ਹਨ। ਤਿਸ ਗੁਰਮੁਖ ਨੂੰ ਵਾਹਿਗੁਰੂ ਜੀ ਦੀ ਦਰਗਾਹ ਵਿਚ ਖੁਲ੍ਹੇ ਦਰਵਾਜ਼ੀਂ ਲੈ ਜਾਇਆ ਜਾਂਦਾ ਹੈ। ਜਿਥੇ ਲੈ ਜਾ ਕੇ ਸਚੀ ਮਾਨ ਪਰਤਿਸ਼ਟਾ ਦਾ ਸਿਰੋਪਾਉ ਪਹਿਨਾਇਆ ਜਾਂਦਾ ਹੈ। ਧੁਰ-ਦਰਗਾਹੀ ਹਜ਼ੂਰੀ ਵਿਖ ਪਹੁੰਚ ਕੇ ਮੁਖ-ਨਾਮ-ਨਿਵਾਸੀ ਅਭਿਆਸੀ ਜਨ ਦਾ ਨਾਮ ਵਿਚ ਹੀ ਨਿਵਾਸ ਰਹਿੰਦਾ ਹੈ। ਯਥਾ ਗੁਰਵਾਕ :-

ਸਤਗੁਰੁ ਸੇਵੇ ਆਪਨਾ ਹਉ ਸਦ ਕੁਰਬਾਣੈ ਤਾਸੁ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ॥

(ਸਿਰੀ ਰਾਗੁ ਮਹਲਾ ੧, ਪੰਨਾ ੨੧)

ਨਾਮ-ਨਿਵਾਸੀ ਪਿਆਰਿਆਂ ਨੂੰ ਇਕ ਤਿਲ ਭੀ ਜੇ ਨਾਮ ਵਿਸਰ ਜਾਏ ਤਾਂ ਤ੍ਰਿਨਾਂ ਦਾ ਮਰਨ ਹੋ ਜਾਂਦਾ ਹੈ। ਲਾਖ ਵੇਦਨ ਵੇਦਨਾਈ ਜਿੱਡਾ ਵੱਡਾ ਰੋਗ ਤਿਨ੍ਹਾਂ ਨੂੰ ਇਕ ਤਿਲ ਮਾਤਰ ਦੇ ਵਿਛੋੜੇ ਵਿਚ ਪ੍ਰਤੀਤ ਹੁੰਦਾ ਹੈ। ਤਾਂ ਤੇ ਉਹ ਨ ਜੀਉਂਦੇ ਤੇ ਨ ਹਰਿ ਦਰਗਹਿ ਪਰਵਾਨ ਹੋ ਕੇ, ਨਾਮ ਅਭਿਆਸ ਭਾਉ ਭਗਤੀ ਛਡਦੇ ਹਨ। ਜਿਨ੍ਹਾਂ ਦੇ ਐਥੇ ਉਥੇ ਦੋਹੀਂ ਥਾਈਂ ਨਾਮ ਅਭਿਆਸ ਦਾ ਖਿਨ ਖਿਨ ਨਿਵਾਸ ਨਹੀਂ ਰਹਿੰਦਾ ਤਿਨ੍ਹਾ ਨੂੰ ਹਰਿ ਦਰਗਾਹ ਸਿਰੋਪਾਉ ਸਿਰਖਾਸੀਆ ਸਚੜਾ ਮਾਨ ਨਹੀਂ ਮਿਲਦਾ। ਯਥਾ ਗੁਰਵਾਕ :-

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ॥...
ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ॥੪॥੨੦॥

(ਸਿਰੀ ਰਾਗੁ ਮਹਲਾ ੧, ਪੰਨਾ ੨੧-੨੨)

ਸਿਧ ਹੋਇਆ ਕਿ ਸਚੀ ਦਰਗਾਹ ਹੈ। ਇਸ ਸਚੀ ਦਰਗਾਹ ਦੀ ਹੋਂਦ ਹਸਤੀ ਤੋਂ ਕੋਈ ਸਿਖ ਮਾਤਰ ਇਨਕਾਰ ਨਹੀਂ ਕਰ ਸਕਦਾ। ਇਹ ਸੱਚੀ ਦਰਗਾਹ ਪਰਲੋਕ ਵਿਚ ਹੈ ਤੇ ਏਸ ਲੋਕ ਤੋਂ ਪਰੇਡੇ ਅਗਲੇ ਲੋਕ ਵਿਚ ਹੈ। ਸੋ ਗੁਰਮਤਿ ਸਿਧਾਂਤ ਅਨੁਸਾਰ ਅਗਾ ਸਿਧ ਹੋਇਆ ਤੇ ਜ਼ਰੂਰ ਹੋਇਆ, ਪਰ ਏਸ ਸਚੀ ਦਰਗਾਹ ਦਾ ਜ਼ਹੂਰ ਸਚੇ ਸਤਿਗੁਰੂ ਨੂੰ ਮੀਤ ਬਣਾਇਆ ਹੀ ਹੁੰਦਾ ਹੈ। ਸਚਾ ਸਤਿਗੁਰੂ ਤਿਨ੍ਹਾ ਦਾ ਹੀ ਮੀਤ ਸਖਾ ਬਣਦਾ ਹੈ ਜੋ ਉਸ ਦੇ ਆਗਿਆਕਾਰੀ ਹੁਕਮ ਰਜ਼ਾਈ ਚਲਣ-ਹਾਰੇ ਗੁਰਸਿਖ ਪਿਆਰੇ ਹਨ। ਆਗਿਆਕਾਰੀ ਹੁਕਮ ਰਜ਼ਾਕਾਰੀ ਉਹੀ ਗੁਰਮੁਖ ਜਨ ਹਨ ਜੋ ਸੁਆਸ ਸੁਆਸ ਵਾਹਿਗੁਰੂ ਨਾਮ- ਜਪਦੇ ਹਨ। ਜਿਨ੍ਹਾਂ ਨੇ ਇਸ ਬਿਧ ਸਚੇ ਸਤਿਗੁਰੂ ਨੂੰ ਆਪਣਾ ਮੀਤ ਕੀਤਾ ਹੈ ਤੇ ਸਤਿਗੁਰੂ ਦ੍ਰਿੜ੍ਹਾਇਆ ਨਾਮ ਸੁਆਸ ਸੁਆਸ ਲੀਤਾ ਹੈ। ਉਹ ਸਚੀ ਦਰਗਾਹ ਜਾਇ ਨਿਰਾ ਨਿਵਾਸ ਹੀ ਨਹੀਂ ਪਾਉਂਦੇ ਸਗੋਂ ਨਾਮ ਨਾਮੀ ਗੁਣਤਾਸ ਮਈ ਸਚੁ (ਸਚੇ-ਵਾਹਿਗੁਰੂ) ਦਾ ਸਨਮੁਖ ਦਰਸ ਵਿਗਾਸ ਭੀ ਪਾਈ ਰਖਦੇ ਹਨ।

ਜਿਹੜੇ ਨਾਮ ਦੇ ਸਚੇ ਵਣਜਾਰੇ ਨਾਮ-ਰੂਪੀ ਸਚੇ ਵਖਰ ਨੂੰ ਏਸ ਲੋਕ ਵਿਚ ਰਹਿੰਦੇ ਹੋਏ। ਆਪਣੇ ਹਿਰਦੇ ਅੰਦਰ ਸੰਮ੍ਹਾਲੀ ਬਖਦੇ ਹਨ ਤੇ ਸਾਰੀ ਉਮਰ ਇਸ ਸਚੇ ਸੌਦੇ ਨੂੰ ਵਿਹਾਝਦੇ ਰਹਿੰਦੇ ਹਨ, ਤਿਨ੍ਹਾਂ ਦੀ ਅਗਲੀ ਦੁਨੀਆਂ ਵਿਚ ਜਾਣ ਸਮੇਂ ਸਚਾ ਸ਼ਾਹ ਸੁਜਾਨ ਆਪ ਸੰਭਾਲ ਕਰ ਲੈਂਦਾ ਹੈ, ਸਣੇ ਸਚੀ ਵਸਤ ਦੇ। ਸਚੇ ਸ਼ਾਹ ਦਾ ਵਸਤ ਨੂੰ ਸਮਾਲਣਾ ਕੀ ਹੈ ? ਆਪਣੀ ਨਦਰ ਅੰਦਰ ਥਾਉਂ ਪਾਉਣਾ ਹੈ। ਯਥਾ ਗੁਰਵਾਕ :-

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥

(ਸਿਰੀ ਰਾਗੁ ਮਹਲਾ ੧, ਪੰਨਾ ੨੨)

ਸਿਮਰਨ ਸੇਵਾ ਘਾਲ ਕਮਾਈ ਕੀਤੀ ਜਿਨ੍ਹਾਂ ਦੀ ਇਸ ਦੁਨੀਆਂ ਵਿਚ ਥਾਇ ਪੈਂਦੀ ਅਤੇ ਤੋੜ-ਨਿਭਣੀ ਨਿਭਦੀ ਹੈ, ਤਿਨ੍ਹਾਂ ਨੂੰ ਸਚੜੇ ਦੀ ਸਚੀ ਦਰਗਾਹ ਵਿਚ ਬੈਠਣ ਨੂੰ ਥਾਉਂ ਮਿਲਦਾ ਹੈ, ਜਿਥੇ ਉਹ ਸਦਾ ਸੁਰਖ਼ਰੂ ਹੋ ਕੇ ਰੰਗ ਰਲੀਆਂ ਮਾਣਦੇ ਤੇ ਲੁੱਡੀਆਂ ਪਾਉਂਦੇ ਹਨ; ਜਿਹਾ ਕਿ :-

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥

(ਸਿਰੀ ਰਾਗੁ ਮ: ੧, ਪੰਨਾ ੨੬)

('ਅਣਡਿਠੀ ਦੁਨੀਆ' ਪੁਸਤਕ ਵਿਚੋਂ)

## ਵਿਸ ਕਿ ਵਿਸਕੀ

(ਸ: ਦੇਵਾ ਸਿੰਘ ਜੀ ਕਿਰਤੀ)

ਖੀਰ ਸਮੁੰਦਰ ਦੇ ਵਿਚ ਹੈਸੀ ਇਸ ਨੂੰ ਰਬ ਛਪਾਇਆ।
ਵਿਸ ਨਾਲੋਂ ਵਧ ਜ਼ਹਿਰ ਸਮਝ ਕੇ ਠੰਢਾ ਠਾਰ ਕਰਾਇਆ।
ਦੇਵਤਿਆਂ ਤੇ ਦੈਤਾਂ ਮਿਲ ਕੇ ਜੇਕਰ ਬਾਹਰ ਕਢਾਇਆ।
ਵੰਡਣ ਲਗੇ, ਲੜਨ ਲਗ ਪਏ, ਪਹਿਲਾ ਸਗਨ ਮਨਾਇਆ।
ਵਿਸ ਸਮਝ ਕੇ ਦੇਵਤਿਆਂ ਨੇ, ਇਸ ਨੂੰ ਹਥ ਨ ਲਾਇਆ।
ਰਾਕਸ਼ ਪੀਂਦੇ ਛੁਪ ਛੁਪਾ ਕੇ ਹੁਣ ਤੀਕਰ ਅਜਮਾਇਆ।
ਪਰ ਹੁਣ ਆਦਮ ਵਿਚ ਬਜਾਰਾਂ ਥਾਂ ਥਾਂ ਬੋਰਡ ਲਗਾਇਆ।
ਠੰਢਾ ਬੀਅਰ ਠੰਢਾ ਬੀਅਰ ਆਖ ਆਖ ਵਡਿਆਇਆ।
ਵਿਸ ਦੀ ਥਾਵੇ ਵਿਸਕੀ ਕਹਿ ਕੇ, ਇਸ ਦਾ ਮਾਣ ਵਧਾਇਆ।
ਧਰਮ ਸ਼ਰਮ ਸਰਕਾਰ ਮਜ਼ਬ ਦਾ, ਸਾਰਾ ਖੌਫ ਉਡਾਇਆ।
ਕਿਰਤੀ ਧਨੀ ਗਰੀਬ ਸਭਸ ਨੂੰ ਇਕਸੋ ਰਾਹ ਲੰਘਾਇਆ।



www.AKJ.Org

## ਖ਼ਾਲਸਾ ਕਿਉਂ ਸਾਜਿਆ ਗਿਆ ?

"ਜਰਨਲ ਆਫ਼ ਸਿਖ ਸਟੱਡੀਜ਼" ਫ਼ਰਵਰੀ 1974 ਵਿਚ ਏ. ਸੀ. ਬੈਨਰਜੀ ਦੇ ਲੇਖ ਵਿੱਚ ਇਤਿਹਾਸਕ-ਚਿੰਤਨ ਲਈ ਉਪਰੋਕਤ ਪ੍ਰਸ਼ਨ ਉਠਾਇਆ ਗਿਆ ਸੀ।

ਕੁਝ ਕੁ ਪੁਰਾਣੇ ਇਤਿਹਾਸਕਾਰ; ਜੇ. ਐਨ. ਸਰਕਾਰ, ਕਿਰਪਾਲ ਸਿੰਘ ਨਾਰੰਗ ਅਤੇ ਪਿਛਲੀ ਸ਼ਤਾਦੀ ਦੇ ਕਨਿੰਘਮ ਨੇ ਖ਼ਾਲਸਾ ਸਾਜੇ ਜਾਣ ਦਾ ਮੰਤਵ ਮੁਗ਼ਲਾਂ ਤੋਂ ਬਦਲਾ ਲੈਣਾ ਦਸਿਆ ਸੀ। ਇਸ ਦਾ ਆਮ ਪ੍ਰਭਾਵ ਅਜ ਤੱਕ ਇਹ ਪਇਆ ਹੋਇਆ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਇਸ ਲਈ ਸਾਜਿਆ ਕਿ ਸਮੇਂ ਦੇ ਸਿਆਸੀ ਹਾਲਾਤ ਇਸ ਗੱਲ ਦੀ ਮੰਗ ਕਰਦੇ ਸਨ। ਹੁਣ ਕਿਉਂਕਿ ਦੇਸ਼ ਦੇ ਸਿਆਸੀ ਹਾਲਾਤ ਬਦਲ ਚੁਕੇ ਹਨ ਤੇ ਸਰਕਾਰ ਪਾਸ ਭਾਰੀ .ਫੌਜ ਬੜੇ ਸੁਚੱਜੇ ਢੰਗ ਨਾਲ ਹਰ ਸਮੇਂ ਦੇਸ਼ ਦੀ ਰੱਖਿਆ ਲਈ ਤਿਆਰ- ਬਰ- ਤਿਆਰ ਰਹਿੰਦੀ ਹੈ, ਇਸ ਲਈ ਖ਼ਾਲਸੇ ਦੀ ਹੁਣ ਕੋਈ ਬਹੁਤੀ ਮਹੱਤਤਾ ਜਾਂ ਲੋੜ ਨਹੀਂ ਰਹਿ ਗਈ ।"

ਉਪਰੋਕਤ ਪ੍ਰਭਾਵ ਪੈਣਾ ਸੁਭਾਵਕ ਸੀ, ਕਿਉਂਕਿ ਇਤਿਹਾਸਕਾਰ੍ਹਾਂ ਦੀ ਗੱਲ ਅਸੀਂ ਮੰਨਣ ਲਈ ਤਿਆਰ ਰਹਿੰਦੇ ਹਾਂ । ਸਾਡੇ ਦਿਮਾਗ ਨੇ ਇਹ ਕਬੂਲ ਕਰ ਲਿਆ ਹੈ ਕਿ ਇਤਿਹਾਸਕਾਰ ਆਖ਼ਰ ਇਕ ਸੂਝਵਾਨ ਮਾਹਰ ਹੁੰਦਾ ਹੈ । ਪਰ ਇਥੇ ਇਹ ਚੇਤਾ ਕਰਾਣਾ ਅਤਿ ਜਰੂਰੀ ਅਤੇ ਲਾਹੇਵੰਦ ਹੋਵੇਗਾ ਕਿ ਇਤਿਹਾਸਕਾਰ ਭੀ ਸਾਡੇ ਸਾਰਿਆਂ ਵਾਂਗ ਭੁਲਣਹਾਰ ਪ੍ਰਾਣੀ ਹਨ । ਇਸੇ ਕਰਕੇ ਇਨ੍ਹਾਂ ਨੂੰ ਬਾਰ ਬਾਰ ਆਪਣੇ ਹੀ ਲਿਖੇ ਇਤਿਹਾਸ ਨੂੰ ਸਮਾਂ ਪਾ ਕੇ ਮੁੜ ਮੁੜ ਸੋਧਣਾ ਪੈਂਦਾ ਹੈ । ਜੋ ਗੱਲ ਕਨਿੰਘਮ ਨੇ ਆਖੀ ਹੈ, ਉਹ ਅੱਜ ਦਾ ਇਤਿਹਾਸਕਾਰ ਵਧੇਰੇ ਨਵੀਨ ਤਥ ਲਭ ਜਾਣ ਕਰ ਕੇ ਪਰਵਾਣ ਨਹੀ ਕਰਦਾ ।

ਡਾ: ਏ. ਸੀ. ਬੈਨਰਜੀ ਆਪਣੇ ਲੇਖ ਵਿਚ ਬੜੀ ਚੰਗੀ ਤਰ੍ਹਾਂ ਸਿਧ ਕਰਨ ਦਾ ਯਤਨ ਕਰਦਾ ਹੈ ਕਿ ਭਾਵੇਂ ਮੁਗ਼ਲ ਸਰਕਾਰ ਦੇ ਸਮੇਂ ਪਹਾੜੀ ਰਾਜਿਆਂ ਨਾਲ, ਪਿਛਲੇ ਟੈਕਸ ਬਕਾਏ ਨਾ ਦੇਣ ਕਾਰਨ, ਅਤੇ ਈਨ ਨਾ ਮੰਨਣ ਕਾਰਨ 1664 ਤੋਂ 1697 ਤਕ ਜੰਗ ਹੋਏ, ਤੇ ਉਨ੍ਹਾਂ ਵਿੱਚ ਗੁਰੂ ਜੀ ਨੇ ਨਿਆਂ ਦਾ ਪਖ ਲੈਂਦੇ ਹੋਏ ਪਹਾੜੀ ਰਾਜਿਆਂ ਦੀ ਸਹਾਇਤਾ ਭੀ ਕੀਤੀ । ਇਸ ਤਰ੍ਹਾਂ ਮੁਗਲ ਸਰਕਾਰ ਦੀਆਂ ਨਜਰਾਂ ਵਿਚ ਆ ਗਏ ਸਨ, ਪਰ ਅਜੇ ਖ਼ਾਲਸਾ ਨਹੀਂ ਸੀ ਸਾਜਿਆ ।

ਜੇ ਪੁਰਾਣੇ ਇਤਿਹਾਸਕਾਰਾਂ ਦੀਆਂ ਦਲੀਲਾਂ ਵਲ ਜਾਈਏ ਤਾਂ 1675 ਦਾ ਸਮਾਂ ਖ਼ਾਲਸਾ ਸਾਜਣ ਲਈ ਬਹੁਤ ਉਪਯੋਗੀ ਸੀ ਜਦੋਂ ਪਿਤਾ ਦਾ ਸ਼ਹੀਦੀ ਸਾਕਾ ਅਜੇ ਤਾਜ਼ਾ ਸੀ। ਖ਼ੁਸ਼ਵੰਤ ਸਿੰਘ ਵਰਗੇ ਆਪਣੇ ਦਿਲ ਦਾ ਡਰ ਸਿਖ ਇਤਿਹਾਸ ਵਿਚ ਲਿਖ ਮਾਰਦੇ ਹਨ ਕਿ "ਉਸ ਸਮੇਂ ਦੇ 'ਸਿੱਖ ਲੀਡਰਾਂ' (ਸ਼ੁਕਰ ਹੈ ਉਸ ਵੇਲੇ ਗੁਰੂ ਸਾਹਿਬ ਤੋਂ ਬਿਨਾਂ ਕੋਈ ਹੋਰ ਲੀਡਰ ਨਹੀਂ ਸੀ) ਨੂੰ ਆਪਣੇ ਬਾਲਾ-ਗੁਰੂ ਨੂੰ ਬਚਾਣ ਦੀ ਬਹੁਤੀ ਫ਼ਿਕਰ ਲਗੀ ਹੋਈ ਸੀ, ਇਸੇ ਲਈ ਉਹਨਾਂ ਨੂੰ ਪਾਉਂਟਾ ਸਾਹਿਬ ਲਿਜਾਇਆ ਗਿਆ।" ਹਾਲਾਂਕਿ ਸਚਾਈ ਇਹ ਹੈ ਕਿ ਬਾਲਾ-ਪ੍ਰੀਤਮ ਜੀ ਜ਼ਰਾ ਭੀ ਨਹੀਂ ਡਰੇ, ਤੇ ਅਨੰਦਪੁਰ ਹੀ ਟਿਕੇ ਰਹੇ ਅਤੇ 10 ਸਾਲਾਂ ਬਾਅਦ ਸਿਰਮੌਰ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਪਹਾੜਾਂ ਵਲ ਪ੍ਰਚਾਰ ਲਈ ਗਏ। ਇਹ ਗੱਲ ਵੀ ਅੱਖੋਂ ਉਹਲੇ ਨਹੀਂ ਕਰਨੀ ਚਾਹੀਦੀ ਕਿ ਚੋਜੀ-ਪ੍ਰੀਤਮ ਜੀ ਕਦੀ ਭੀ ਫ਼ੌਜ ਤੋਂ ਬਿਨਾ ਨਹੀਂ ਰਹੇ, ਚਾਹੇ ਆਨੰਦਪੁਰ ਦੀ ਪਾਵਨ ਧਰਤੀ ਸੀ 1675-1685 ਤਕ, ਚਾਹੇ ਪਹਾੜੀ ਇਲਾਕੇ ਵਿਚ ਪ੍ਰਚਾਰ-ਦੌਰੇ ਤੇ ਸਨ। ਭੰਗਾਣੀ ਅਤੇ ਨਦੌਣ ਦੇ ਯੁਧ 1685-1688 ਤਕ ਬਿਨਾਂ ਫ਼ੌਜ ਦੇ ਕਿਸਤਰ੍ਹਾਂ ਹੋ ਸਕਦੇ ਸਨ ? ਅਤੇ ਜੇ ਖ਼ਾਲਸਾ ਸਾਜਣ ਦਾ ਮੰਤਵ ਕੇਵਲ ਦੇਸ਼ ਅਤੇ ਧਰਮ ਦੀ ਰੱਖਿਆ ਕਰਨਾ ਹੀ ਹੁੰਦਾ ਜਿਸਤਰ੍ਹਾਂ ਸਾਨੂੰ ਅਜ ਤਕ ਇਤਿਹਾਸਕਾਰ ਦਸਦੇ ਆ ਰਹੇ ਹਨ, ਤਾਂ ਖ਼ਾਲਸਾ ਸਾਜਣ ਤੇ ਮੌਕੇ 1699 ਤੋਂ ਬਹੁਤ ਪਹਿਲਾਂ ਹੀ ਬਣ ਚੁਕੇ ਸਨ। ਤਾਂ ਫਿਰ ਕੀ ਕਾਰਨ ਸੀ ਕਿ ਖ਼ਾਲਸੇ ਦੀ ਸਾਜਨਾ 1699 ਦੀ ਵਿਸਾਖੀ ਨੂੰ ਹੀ ਕੀਤੀ ਗਈ ਅਤੇ ਇਸ ਤੋਂ ਪਹਿਲਾਂ ਨਹੀਂ ?

ਰਾਜਨੀਤਕ ਦ੍ਰਿਸ਼ਟੀਕੋਣ ਤੋਂ ਇਸ ਸਵਾਲ ਦਾ ਜਵਾਬ ਨਹੀਂ ਮਿਲਦਾ, ਜਿਹਾ ਕਿ ਏ. ਸੀ. ਬੈਨਰਜੀ ਨੇ ਭੀ ਆਪਣੇ ਉਪਰੋਕਤ ਲੇਖ ਵਿਚ ਪਰਵਾਨ ਕਰਦੇ ਹੋਏ ਦਸਿਆ ਹੈ। ਅਜ ਦੇ ਇਤਿਹਾਸਕਾਰ ਨੂੰ ਬਰਤਾਨਵੀ ਜਾਂ ਯੂਰਪੀਨ ਲੀਹਾਂ ਦੀ ਟ੍ਰੇਨਿੰਗ ਨੇ ਇਕ ਲੀਕ(ਵਗ਼ਫਾ) ਉਤੇ ਪਾਇਆ ਹੋਇਆ ਹੈ ਕਿ ਉਹ ਕਿਸੇ ਭੀ ਘਟਨਾ ਨੂੰ, ਜਾਂ ਕਿਸੇ ਭੀ ਸ਼ਖ਼ਸੀਅਤ ਨੂੰ ਸਦਾ ਸਿਆਸੀ ਰੰਗ-ਮੰਚ ਜਾਂ ਸਿਆਸੀ ਹਿਲ-ਜੁਲ ਦੀ ਪੈਦਾਇਸ਼ ਸਮਝਦੇ ਹਨ। ਜਿਵੇਂ ਮਨੁਖ ਕੇਵਲ ਸਿਆਸੀ ਪ੍ਰਾਣੀ ਹੀ ਹੈ। ਭਾਰਤ ਦਾ ਸਾਰਾ ਇਤਿਹਾਸ ਕੇਵਲ ਸਿਆਸੀ-ਵਿਕਾਸ ਦੀ ਦ੍ਰਿਸ਼ਟੀ ਤੋਂ ਲਿਖਿਆ ਜਾਂ ਪੜ੍ਹਾਇਆ ਜਾਂਦਾ ਹੈ, ਜਿਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਸਾਡਾ ਨੌਜਵਾਨ ਕੇਵਲ ਸਿਆਸੀ ਰੰਗਣ ਵਿਚ ਰੰਗੀਜ ਗਿਆ ਹੈ। ਹਾਲਾਂ ਕਿ ਪੁਰਾਤਨ ਭਾਰਤ ਦੇ ਲੋਕਾਂ ਦਾ ਜੀਵਨ ਸਿਆਸੀ ਨਾਲੋਂ ਵਧੇਰੇ ਧਾਰਮਕ ਤੇ ਸਮਾਜਕ ਸੀ। ਭੈੜੇ ਮਨੁਖ ਅਤੇ ਚੰਗੇ ਮਨੁੱਖ ਵਿਚ ਫ਼ਰਕ ਧਾਰਮਕ ਸੰਤੁਲਨ, ਸਮਾਜਿਕ ਜ਼ਿਮੇਵਾਰੀਆ



www.AKJ.Org

ਜਾਂ ਆਪਣੇ ਫ਼ਰਜ਼ ਦੀ ਪਛਾਣ ਦੇ ਆਧਾਰ ਤੇ ਹੁੰਦਾ ਸੀ। ਜਿਸਤਰ੍ਹਾਂ ਅਜ ਦਾ ਮਨੁਖ ਸੈਕੂਲਰ (ਅਧਾਰਮਿਕ) ਅਖਵਾਣ ਵਿਚ ਮਾਣ ਸਮਝਦਾ ਹੈ।

ਖ਼ਾਲਸੇ ਦੀ ਸਾਜਨਾ ਦੇ ਪ੍ਰਸ਼ਨ ਦਾ ਉਤਰ ਅਸੀਂ ਚੋਜੀ-ਪ੍ਰੀਤਮ ਜੀ ਦੀ ਆਪਣੀ ਬਾਣੀ ਵਿਚੋਂ ਹੀ ਲਭਣ ਦਾ ਜਤਨ ਕਰੀਏ। ਉਨ੍ਹਾਂ ਨੂੰ ਕਿਨ੍ਹਾਂ ਗੱਲਾਂ ਨੇ ਪ੍ਰੇਰਿਆ ਹੋਵੇਗਾ ਕਿ ਗੁਰੂ ਨਾਨਕ ਦੇਵ ਜੀ ਤੋਂ ਚਲਦੀ ਆ ਰਹੀ ਸਿਖ-ਸੰਗਤ ਨੂੰ, ਨਾਨਕ-ਪੰਥੀ ਸਮਾਜ ਨੂੰ ਨਵਾਂ ਰੂਪ, ਨਵਾਂ ਨਾਂ, ਨਵਾ ਉਦੇਸ਼ ਦੇ ਦੇਣ ? ਅਸੀਂ ਤਾਂ ਭੁਲਣਹਾਰ ਹਾਂ। ਅਤੇ ਕੇਵਲ ਅਨੁਮਾਨ ਹੀ ਲਗਾ ਸਕਦੇ ਹਾਂ। ਖ਼ਾਲਸੇ ਜੀ ਦਾ "ਪਿਤਾ" ਹੀ ਜਾਣਦਾ ਹੈ ਕਿ ਅਸਲੀ ਮੰਤਵ ਕੀ ਸੀ ? ਜਦੋਂ 1699 ਦੀ ਵਿਸਾਖੀ ਨੂੰ ਅਚਾਨਕ ਡਰਾਮਾਈ ਤਰੀਕੇ ਨਾਲ (ਜਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਚੋਣ ਕਰਨ ਸਮੇਂ ਸਾਂਗ ਪਲਟਾਇਆ ਸੀ) ਤਲਵਾਰ ਦੀ ਨੋਕ ਉਤੇ ਖ਼ਾਲਸੇ ਦੀ ਸਾਜਨਾ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਆਪਣੇ ਪਿਛੋਂ ਸਿੱਖਾਂ ਦੀ ਅਗਵਾਈ ਕਰਨ ਹਿਤ, ਆਪਣੀ ਜੋਤ ਯੋਗ ਵਿਅਕਤੀ ਵਿਚ ਪ੍ਰਵੇਸ਼ ਕਰਦੇ ਆਏ ਸਨ। ਇਸ ਚੋਣ ਉਤੇ ਕੁਝ ਬੇਮੁਖ ਝਗੜਾਲੂ ਕਿੰਤੂ ਭੀ ਕਰਦੇ ਆਏ ਹਨ। ਗੁਰੂ ਅਰਜਨ ਦੇਵ ਜੀ ਦੇ ਭ੍ਰਾਤਾ ਪ੍ਰਿਥੀ ਚੰਦ ਨੇ ਤਾਂ ਡਟ ਕੇ ਵਿਰੋਧ ਭੀ ਕੀਤਾ। ਇਨ੍ਹਾਂ ਤੋਂ ਪਿਛੋਂ ਧੀਰ-ਮਲੀਏ ਅਤੇ ਰਾਮ-ਰਾਈਏ ਗੁਰੂ-ਗੱਦੀ ਤੇ ਆਪਣਾ ਅਧਿਕਾਰ ਜਿਤਾਉਣ ਦਾ ਲਖ ਜਤਨ ਕਰਦੇ ਰਹੇ, ਪਰ ਇਹ ਗੁਰੂ ਨਾਨਕ ਸਾਹਿਬ ਜੀ ਦੇ ਸਾਜੇ ਪੰਥ ਦੀ ਖ਼ੁਸ਼ਕਿਸਮਤੀ ਸੀ ਕਿ ਸਮਰਥ ਗੁਰੂ ਸਦਾ ਸਿਰ ਤੇ ਸਨ ਤੇ ਇਸਦੀ ਅਗਵਾਈ ਸਦਾ ਯੋਗ ਹੱਥਾਂ ਵਿਚ ਹੀ ਰਹੀ ਹੈ। ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਔਰੰਗਜ਼ੇਬ ਨੇ ਰਾਮਰਾਏ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਵਿਚਕਾਰ ਗੁਰ-ਗੱਦੀ ਪਿਛੇ ਝਗੜੇ ਦੀ ਸਾਲਸੀ ਲਈ ਗੁਰੂ ਜੀ ਨੂੰ ਦਿੱਲੀ ਸਦਿਆ ਸੀ। ਪਰ ਇਸ ਕਹਾਣੀ ਦਾ ਸਿਲਸਿਲਾ ਅਗੋਂ ਜਾ ਕੇ ਨਹੀਂ ਤੁਰਦਾ, ਕਿਉਂਕਿ ਅਠਵੇਂ ਬਾਲਾ ਪ੍ਰੀਤਮ ਜੀ ਦੇ ਦਿੱਲੀ ਵਿਚ ਜੋਤੀ ਜੋਤਿ ਸਮਾ ਜਾਣ ਤੋਂ ਬਾਅਦ ਜੇ ਔਰੰਗਜ਼ੇਬ ਦੀ ਹਿੰਮਤ ਹੁੰਦੀ ਤਾਂ ਰਾਮ-ਰਾਏ ਨੂੰ 'ਨਾਨਕ-ਪੰਥੀ' ਗੁਰੂ ਮੰਨ ਕੇ ਆਪਣੇ ਵਲੋਂ ਮਾਨਤਾ ਦਿੰਦਾ, ਪਰ ਮਹਾਨਤਾ ਦੇਣੋਂ ਦੀ ਬਜਾਏ ਉਸ ਨੂੰ ਆਪਣੇ ਦਰਬਾਰ ਵਿਚੋਂ ਚਲੇ ਜਾਣ ਦਾ ਹੁਕਮ ਦਿਤਾ। (ਰਾਮ ਰਾਏ ਡੇਰਾਦੂਨ ਚਲਾ ਜਾਂਦਾ ਹੈ) ਪਰ ਅਸਲੀ ਗੁਰੂ ਦੀ ਚੋਣ ਬਾਲਾ ਪ੍ਰੀਤਮ ਜੀ "ਬਾਬਾ ਬਕਾਲੇ" ਦੇ ਸੰਕੇਤਕ ਸ਼ਬਦਾਂ ਵਿਚ ਹੀ ਕਰ ਜਾਂਦੇ ਹਨ। ਸਿਖਾਂ ਵਿਚ ਪਹਿਲੀ ਵਾਰ ਭੁਲੇਖਾ ਪੈ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਤੋਂ ਪਿਛੋਂ ਭੀ ਇਸ (ਗੁਰੂ ਨਾਨਕ) ਫੁਲਵਾੜੀ ਦੇ ਕਈ ("ਸਿਆਣੇ") ਲੋਕ ਮਾਲਕ ਬਣ ਬਣ ਬੈਠਣਗੇ। ਹੁਣ ਤਕ ਸ਼ਬਦ-ਗੁਰੂ ਦਾ ਸਰੂਪ ਤਿਆਰ ਹੋ ਚੁਕਾ ਸੀ। ਪਰ ਇਸ ਸ਼ਬਦ-ਗੁਰੂ ਦੇ (ਦਸੋਂ ਪਾਤਸ਼ਾਹੀਆਂ ਦੇ) ਸਰਗੁਣ ਸਰੂਪ ਦੇ ਜੋਤਿ ਸਰੂਪੀ ਦਰਸ਼ਨ ਕਰਨ ਲਈ, ਖ਼ਾਲਸੇ ਦੀ ਰਚਨਾ ਕਰਨੀ ਜ਼ਰੂਰੀ ਸੀ। ਸਰਬ ਲੋਹ ਗ੍ਰੰਥ ਵਿਚ ਖ਼ਾਲਸੇ ਦੀ ਜੋ ਉਪਮਾ ਕੀਤੀ ਗਈ ਹੈ ਉਹ ਸਿਧ ਕਰਦੀ ਹੈ ਕਿ ਹੁਣ ਤੋਂ ਬਾਅਦ ਖ਼ਾਲਸੇ ਨੂੰ ਕੋਈ (exploit) ਗੁਮਰਾਹ ਨਹੀਂ ਕਰ ਸਕੇਗਾ। ਖ਼ਾਲਸਾ ਹੁਣ ਤੋਂ ਬਾਅਦ ਗੁਰੂ ਦੀ ਥਾਂ ਲੈ ਕੇ, ਪਰ ਸ਼ਬਦ-ਗੁਰੂ ਦੀ ਹਜ਼ੂਰੀ ਵਿਚ ਅਤੇ ਤਾਬਿਆ ਵਿਚ ਪਾਹੁਲ ਦੇਣ ਦਾ ਅਧਿਕਾਰੀ ਹੋਵੇਗਾ। ਖ਼ਾਲਸਾ ਸਾਜਣ ਤੋਂ ਪਹਿਲਾਂ ਕਦੀ ਕਿਸੇ ਸਿਖ ਨੇ, ਜਾਂ ਪੰਜ ਸਿਖਾਂ ਨੇ ਮਿਲ ਕੇ ਗੁਰੂ ਜੀ ਵਲੋਂ ਸਿਖ ਸੰਗਤਾਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ। ਪਰ ਪਿਛੋਂ ਹੋ ਸਕਦਾ ਸੀ ਕਿ ਸ਼ਖ਼ਸੀ ਗੁਰੂ ਦੀ ਘਾਟ ਮਹਿਸੂਸ ਕਰਦਿਆਂ ਗੁਰੂ-ਪੰਥ ਵਿਚ ਪ੍ਰਾਣੀਆਂ ਨੂੰ ਸ਼ਾਮਲ ਕਰਨ ਦੇ ਤਰੀਕੇ ਵਖੋ-ਵਖਰੇ ਹੋ ਜਾਂਦੇ।

ਧੰਨ ਹਨ ਚੋਜੀ ਪ੍ਰੀਤਮ ਜੀ, ਜਿਨ੍ਹਾਂ ਸਮਾਂ ਨੇੜੇ ਜਾਣ ਕੇ ਆਪਣੀ ਹਥੀਂ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਹੇਠ ਲਿਖੇ ਕਾਰਨ ਦਸੇ, ਤਾਂਕਿ ਪਿਛੋਂ ਇਤਿਹਾਸਕਾਰ ਅਤੇ ਪੰਥ ਭੁਲੇਖੇ ਵਿਚ ਨਾ ਪੈ ਜਾਣ।

ਖ਼ਾਲਸਾ ਪ੍ਰਭੂ ਪਰਮਾਤਮਾ ਦੀ ਆਗਿਆ ਨਾਲ ਸਾਜਿਆ ਹੈ-

"ਖ਼ਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥"
(ਸਰਬ ਲੋਹ ਗ੍ਰੰਥ)

ਇਥੋਂ ਹੀ ਫਤਹ ਦਾ ਨਾਅਰਾ ਬਣਾਇਆ-

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ॥

ਖ਼ਾਲਸਾ ਦਸੋਂ ਪਾਤਸ਼ਾਹੀਆਂ ਵਲੋਂ ਕੀਤੇ ਗਏ ਜਤਨਾਂ ਦਾ ਅੰਤਮ ਸਰੂਪ ਹੈ, ਜੋ ਪੰਜ-ਭੂਤਕੀ ਸਰੀਰ ਵਿਚ ਵਿਚਰਦਾ ਹੋਇਆ ਭੀ ਪਰਮ-ਮਨੁਖ (perfect human being) ਹੈ।

ਆਤਮ ਰਸ, ਜਿਹ ਜਾਨਹੀ,ਸੋ ਹੈ ਖਾਲਸ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ)

ਅਤੇ ਫਿਰ-

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੈ ਹਉ ਕਰਉ ਨਿਵਾਸ।

ਉਪਰੋਕਤ ਗੁਰ-ਫ਼ੁਰਮਾਨ ਇਸ ਗੱਲ ਬਾਰੇ



www.AKJ.Org

ਇਤਿਹਾਸਕਾਰਾਂ ਦੀਆਂ ਸਾਰੀਆਂ ਕਿਆਸ-ਆਰਾਈਆਂ ਨੂੰ ਰਦ ਕਰ ਦਿੰਦੇ ਹਨ ਕਿ ਖ਼ਾਲਸੇ ਦੀ ਸਿਰਜਨਾ ਅਕਾਲ ਪੁਰਖ ਜੀ ਦਾ ਹੁਕਮ ਮਿਲਣ ਤੇ ਕੀਤੀ ਗਈ। ਇਸ ਗੱਲ ਨੂੰ ਸਿਆਸੀ-ਲੀਹਾਂ ਉਤੇ ਚਲਣ ਵਾਲੇ ਇਤਿਹਾਸਕਾਰ ਪਰਵਾਨ ਕਰਨ ਤੋਂ ਕੁਝ ਸੰਕੋਚ ਕਰਦੇ ਹਨ, ਕਿਉਂਕਿ ਉਹ ਗੁਰੂ ਜੀ ਨੂੰ ਇਕ ਸਾਧਾਰਨ ਮਨੁਖ ਹੀ ਸਮਝਦੇ ਹਨ। ਉਹਨਾਂ ਨੂੰ ਕੀ ਪਤਾ, ਉਹ ਤਾਂ ਬ੍ਰਹਮ ਗਿਆਨ ਦੇ ਮਾਲਕ ਸਨ। ਜੇ ਇਸ ਤਰ੍ਹਾਂ ਸਮਝਿਆ ਜਾਏ ਕਿ ਗੁਰੂ ਉਹ ਵਿਅਕਤੀ ਹੈ ਜੋ ਸਚਖੰਡ-ਮੰਡਲ ਵਿਚ ਬੈਠਾ ਹੈ। ਉਸ ਮੰਡਲ ਵਿਚ ਉਸ ਨੂੰ ਸਚ ਖੰਡ ਦੀ ਜੋਤਿ ਦੇ ਲਟ ਲਟ ਦਰਸ਼ਨ ਹੋ ਰਹੇ ਹਨ, ਅਕਾਲ-ਪੁਰਖ ਦੀ ਮੌਜ ਦਾ ਖਿਨ ਖਿਨ ਪਤਾ ਲਗ ਰਿਹਾ ਹੈ, ਹਜ਼ੂਰੀ ਫ਼ੁਰਮਾਨਾਂ ਦੀ ਸੱਦ ਸੁਣੀਦੀ ਹੈ। ਪਰ ਸਚਖੰਡ-ਮੰਡਲ ਤੋਂ ਬਾਹਰ ਮਾਇਆ ਦਾ ਪਸਾਰਾ ਹੈ, ਅਗਿਆਨਤਾ ਹੈ, ਅੰਧਕਾਰ ਹੈ, ਕਿਆਸ (imagination) ਹੈ। ਮਨੁਖ ਆਪਣੀ ਚਤਰਾਈ ਵਿਚ ਤੁਰਿਆ ਫਿਰਦਾ ਹੈ। ਇਧਰ ਸਚਖੰਡ ਮੰਡਲ ਵਿਚ ਖੜੇ ਚੋਜੀ ਪ੍ਰੀਤਮ ਜਾਣਦੇ ਹਨ, ਹੁਕਮ ਕੀ ਹੈ? ਕੀ ਹੋਣਾ ਹੈ? ਇਹ ਉਹ ਮੁਕਾਮ ਹੈ ਜਿਥੇ ਭੂਤ ਵਰਤਮਾਨ ਤੇ ਭਵਿਖ ਤਿੰਨਾਂ ਕਾਲਾਂ ਦਾ ਸੰਗਮ ਹੋ ਰਿਹਾ ਹੈ। ਕੀ ਹੋ ਚੁਕਾ ਹੈ, ਕੀ ਹੋ ਰਿਹਾ ਹੈ ਅਤੇ ਅਗੋਂ ਕੀ ਹੋਵੇਗਾ। ਪਰ ਮੰਡਲ ਦੇ ਬਾਹਰਵਾਰ ਅਜੇ ਹਨੇਰਾ ਹੈ। ਉਥੇ ਤਾਂ ਵਰਤਮਾਨ ਦੀ ਸੋਝੀ ਭੀ ਮਸਾਂ ਹੀ ਹੁੰਦੀ ਹੈ। ਭੂਤ ਤੇ ਭਵਿਖ ਪੂਰੀ ਤਰ੍ਹਾ ਹਨੇਰੇ ਵਿਚ ਹਨ। ਪਿਤਾ ਦੀ ਸ਼ਹੀਦੀ ਹੋਈ-ਇਹ ਹੁਕਮ ਸੀ। ਪਤਾ ਹੈ ਚਾਰੇ ਲਾਲ ਵਾਰੇ ਜਾਣਗੇ, ਪਰ ਫਿਰ ਭੀ ਸਚਖੰਡੀ ਮੌਜ ਵਿਚ ਕਹਿ ਰਹੇ ਸਨ-

ਮੈਂ ਹੋ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸ਼ਾ।

ਪਤਾ ਹੈ ਤਮਾਸ਼ਾ ਹੀ ਹੁੰਦਾ ਹੈ। ਅਸਲ ਕੁਝ ਹੋਰ ਹੁੰਦਾ ਹੈ। ਅੰਦਰੋਂ ਹੁਕਮ ਹੋਇਆ ਤੇ ਲਿਖ ਦਿਤਾ-

ਬਾਬੇ ਕੇ, ਬਾਬਰ ਕੇ ਦੋਉ।
ਆਪ ਕਰੇ ਪਰਮੇਸਰ ਸੋਊ।
ਦੀਨ ਸਾਹ ਇਨ ਕੋ ਪਹਿਚਾਨੋ।
ਦੂਨੀ ਪਤਿ ਉਨਕੋ ਅਨੁਮਾਨੋ।
(ਬਚਿਤ੍ਰ ਨਾਟਕ, ੧੩ ਵਾਂ ਅਧਿਆਏ)

ਭਾਵ ਬਾਬੇ ਕੇ ( ਗੁਰੂ ਨਾਨਕ ਦੇਵ ਜੀ ਦੇ ਉਤਰ ਅਧਿਕਾਰੀ) ਦੀਨ-ਧਰਮ ਦੇ ਵਡੇ ਸ਼ਾਹ ਹਨ, ਸਚੇ-ਪਾਤਸ਼ਾਹ ਹਨ, ਬਾਬਰ-ਕੇ ਉਤਰ ਅਧਿਕਾਰੀ ਦੁਨੀਆਂ ਦੇ ਪਾਤਸ਼ਾਹ ਹਨ। ਇਸ ਜਗਤ-ਤਮਾਸ਼ੇ ਵਿਚ ਦੋਹਾਂ ਦਾ ਰਚਨਹਾਰ ਪ੍ਰਭੂ ਆਪ ਹੈ।

ਇਤਿਹਾਸਕਾਰ ਇਸ ਇਸ਼ਾਰੇ ਨੂੰ ਆਪਣੀ ਅਕਲ-ਮੁਤਾਬਕ ਗੁਰੂ ਜੀ ਵਲੋਂ ਆਪਣੀ ਜਾਨ ਬਚਾਉਣ ਲਈ ਲਭਿਆ ਸਹਿ-ਅਸਤਿਤਵ ਦਾ ਸਿਧਾਂਤ (Doctrine of co-existence) ਦਾ ਨਾਮ ਦੇ ਦਿੰਦੇ ਹਨ ( ਏ. ਸੀ. ਬੈਨਰਜੀ)।

ਇਤਿਹਾਸ ਬਣਾਣ ਵਾਲੇ ਨੂਰੀ ਪ੍ਰੀਤਮ ਸਨ, ਪਰ ਇਤਿਹਾਸ ਦੀ ਪੜਚੋਲ ਬੇ-ਨੂਰੀ ਖ਼ਾਕੀ ਬੰਦੇ ਜਦੋਂ ਕਰਦੇ ਹਨ ਤਾਂ ਉਨ੍ਹਾਂ ਦੇ ਆਪਣੇ ਕਮਜ਼ੋਰ ਮਨ ਦੀ ਉਡਾਰੀ ਵਿਚ ਮਨੁਖੀ ਕਮਜ਼ੋਰੀ ਦੀ ਝਲਕ ਪੈਂਦੀ ਹੈ। ਇਹ ਸਹਿ-ਅਸਤਿਤਵ ਦਾ ਸਿਧਾਂਤ ਪਿਛੋਂ ਤੋਂ ਅਗੇ ਝਾਤ ਮਾਰਨ ਤੋਂ ਪਤਾ ਚਲਦਾ ਹੈ ਕਿ ਬਾਬੇ-ਕਿਆਂ ਅਤੇ ਬਾਬਰ-ਕਿਆਂ ਵਿਚਕਾਰ ਸਥਾਈ ਰੂਪ ਵਿਚ ਕੰਮ ਨਹੀਂ ਕਰਦਾ। ਬਾਬਰ-ਕੇ ਦੂਨੀਆਂ ਦੇ ਨਸ਼ੇ ਵਿਚ ਆ ਕੇ ਦੀਨ ਦੇ ਪਾਤਸ਼ਾਹਾਂ ਨੂੰ ਕਤਲ ਭੀ ਕਰ ਦਿੰਦੇ ਹਨ, ਦੁਸ਼ਮਨੀਆਂ ਭੀ ਪਾਲਦੇ ਹਨ। ਪਰ ਇਹ ਤਮਾਸ਼ਾ ਹੈ। ਤਮਾਸ਼ਾ ਤਮਾਸ਼ਾ ਹੀ ਹੁੰਦਾ ਹੈ, ਜੋ ਚੋਜੀ ਪ੍ਰੀਤਮ ਦੇਖਦੇ ਰਹੇ। ਆਪ ਭੀ ਉਸ ਡਰਾਮੇ ਵਿਚ ਮਹਾਨ ਹੀਰੋ ਦਾ ਰੋਲ ਅਦਾ ਕੀਤਾ। ਘਬਰਾਏ ਨਹੀਂ, ਡੋਲੇ ਨਹੀਂ ਸਗੋਂ ਮਿਤਰ ਪਿਆਰੇ ਤੋਂ ਜੰਗ ਵਿਚ ਜੂਝ ਕੇ ਮਰਨ ਦੀ ਅਸੀਸ ਹੀ ਮੰਗਦੇ ਰਹੇ।

ਸੋ ਖ਼ਾਲਸਾ ਭੀ ਇਸ ਤਰ੍ਹਾਂ ਦੇ ਅਚਾਨਕ ਹੁਕਮ ਮਿਲਣ ਤੇ ਸਾਜਿਆ ਗਿਆ ਅਤੇ ਆਪ ਉਸ ਦੇ ਦਰਸ਼ਨ ਕਰ ਕੇ ਇਤਨੇ ਪ੍ਰਸੰਨ ਹੋਏ ਕਿ ਆਪ-ਮੁਹਾਰੇ ਸਰਬ ਲੋਹ ਗ੍ਰੰਥ ਵਿਚ ਖ਼ਾਸਲੇ ਦੀ ਉਪਮਾ ਲਿਖੀ-

"ਹੋ ਖ਼ਾਲਸੇ ਕੋ, ਖਾਲਸਾ ਮੇਰੋ॥
ਓਤ ਪੋਤ ਸਾਗਰ ਬੂੰਦੇਰੋ॥
ਖ਼ਾਲਸਾ ਮੇਰੋ ਸਤਿਗੁਰ ਪੂਰਾ॥
ਖਾਲਸਾ ਮੇਰੋ ਸੱਜਨ ਸੂਰਾ॥

ਦੇ ਸਹੀ ਅਰਥ ਸਾਨੂੰ ਉਦੋਂ ਹੀ ਸਮਝ ਆਏ ਜਦੋਂ ਆਪ ਖ਼ਾਲਸੇ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਸਾਮ੍ਹਣੇ ਹੱਥ ਪਸਾਰ ਕੇ ਅੰਮ੍ਰਿਤ ਦੀ ਦਾਤ ਆਪ ਭੀ ਲਈ। ਅਤੇ ਐਲਾਨ ਕੀਤਾ ਕਿ ਅਗੋਂ ਤੋਂ 'ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ, ਤਾਂ ਕੋ ਸਿਰ ਧਰ ਛਕ ਪੁਨ ਲੇਵੈ (ਰਹਿਤਨਾਮਾ ਭਾ: ਦੇਸਾ ਸਿੰਘ)। ਖ਼ਾਲਸਾ ਚਰਨ ਪਾਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਛਕਣ ਦਾ ਅਧਿਕਾਰੀ ਹੋਵੇਗਾ, ਪਰ ਗੁਰੂ ਨਹੀਂ ਸਦਾਏਗਾ। ਪੰਜਾਂ ਦੇ ਸਮੂਹ ਨੂੰ ਖ਼ਾਲਸਾ ਮੰਨਿਆ ਜਾਏਗਾ। ਇਸ ਤਰ੍ਹਾਂ ਪੰਜ-ਪਰਵਾਨ ਅਜਿਹਾ ਇੱਕਠ ਬਣਾ ਦਿਤਾ ਜਿਸ ਤੋਂ ਘਟ ਗਿਣਤੀ "ਗੁਰੂ" ਦਾ ਸਰੂਪ ਨਹੀਂ ਬਣਾ ਸਕਣਗੇ। ਜੇ "ਖਾਲਸਾ ਮੇਰੋ ਰੂਪ ਹੈ ਖਾਸ" ਤਾਂ ਉਸ 'ਖਾਸ ਰੂਪ' ਪੰਜਾਂ ਦੇ ਇੱਕਠ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਸਤਿਗੁਰੂ ਜੀ ਦੀ ਸਭ



www.AKJ.Org

ਤੋਂ ਵੱਡੀ ਦਾਤ (ਅੰਮ੍ਰਿਤ ਤੇ ਨਾਮ ਦਾਨ) ਦੀ ਬਖ਼ਸ਼ਸ਼ ਕਰਨ ਦਾ ਕੰਮ ਸੌਂਪ ਦਿਤਾ, ਕਿਉਂਕਿ ਸਤਿਗੁਰਾਂ ਜੀ ਦੇ ਸਮੇਂ ਭੀ ਥਾਂ ਥਾਂ ਗੁਰੂ ਬਣ ਕੇ ਬੈਠਣ ਦੀਆਂ ਮਨੁਖੀ ਰੁਚੀਆਂ ਕੰਮ ਕਰਦੀਆਂ ਆ ਰਹੀਆਂ ਸਨ, ਜੋ ਅਜ ਫਿਰ ਉਭਰ ਪਈਆਂ ਹਨ। ਪੰਜਾਂ ਦੇ ਸਮਾਗਮ ਤੋਂ ਬਾਅਦ ਪੰਜੇ ਸਿੰਘ ਫਿਰ ਖ਼ਾਲਸੇ ਵਿਚ ਰਲ ਗਏ। ਗੁਰੂ ਪਦਵੀ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਿਰਾਜਣਗੇ। ਸ਼ਬਦ-ਗੁਰੂ ਹੀ ਗੁਰੂ ਰਹੇਗਾ। ਅਜਿਹਾ ਵਿਧਾਨ ਬਣਾ ਕੇ ਖ਼ਾਲਸੇ ਨੂੰ ਸਦਾ ਲਈ ਗੁਮਰਾਹ ਹੋਣ (exploitation) ਤੋਂ ਬਚਾ ਲਿਆ।

ਸਤਿਗੁਰੂ ਜੀ ਦੇ ਸਾਮ੍ਹਣੇ "ਗੁਰ ਲਾਧੋ ਰੇ" ਦਾ ਸਾਕਾ ਅਜੇ ਤਾਜ਼ਾ ਹੀ ਸੀ। ਜੇ ਖ਼ਾਲਸਾ ਨਾ ਸਾਜਿਆ ਜਾਂਦਾ ਤਾਂ ਅਜ ਅਸੀਂ ਮਖਣ ਸ਼ਾਹ ਵਾਂਗ ਸਚੇ ਗੁਰੂ ਦੀ ਭਾਲ ਵਿਚ ਭਟਕਦੇ ਫਿਰਦੇ। ਇਸ ਤੋਂ ਇਲਾਵਾ ਮਸੰਦ ਆਪਣੇ ਆਪ ਵਿਚ ਇਕ ਭਾਰੀ ਪੰਥਕ ਖਤਰਾ ਬਣਦੇ ਜਾਂਦੇ ਸਨ। ਸ਼ਰਧਾਲੂ ਸਿਖਾਂ ਤੋਂ ਮਾਲ-ਮਤਾ ਇੱਕਠਾ ਕਰ ਕੇ ਉਸਦਾ ਬਹੁਤ ਸਾਰਾ ਹਿੱਸਾ ਆਪ ਰਖ ਲੈਂਦੇ ਸਨ। ਇਨ੍ਹਾਂ ਤੌਖਲਿਆਂ ਤੇ ਲੁਟ-ਖਸੁਟ ਤੋਂ ਭੀ ਖ਼ਾਲਸੇ ਨੂੰ ਮੁਕਤ ਕਰਨਾ ਸੀ।

ਸਭ ਤੋਂ ਵਡੀ ਗੱਲ ਜੋ ਸਾਹਿਬਾਂ ਦੇ ਸਾਮ੍ਹਣੇ ਸੀ, ਉਹ ਸੀ ਬਚਿਤ੍ਰ ਨਾਟਕ ਵਿਚ ਆਏ "ਅਕਾਲ ਪੁਰਖ ਬਾਚ ਇਸ ਕੀਟ ਪ੍ਰਤੀ"। ਜਿਸ ਵਿਚ ਅਕਾਲ ਪੁਰਖ ਜੀ ਨੇ ਸ੍ਰਿਸ਼ਟੀ-ਰਚਨਾ ਤੋਂ ਹੁਣ ਤਕ ਦੇ ਸਾਰੇ ਵਾਕਿਆਤ ਆਪ ਜੀ ਨੂੰ ਦਸੇ : ਕਿਸ ਤਰ੍ਹਾਂ ਇਸ ਰਚਨਾ ਦੇ ਮਾਇਆ-ਚਕਰ ਵਿਚ ਫਸ ਕੇ ਪ੍ਰਭੂ ਦੇ ਰਚੇ ਹੋਏ ਜੀਵ-ਦੈਂਤ ਦੇਵਤੇ, ਬ੍ਰਹਮਾ ਵਿਸ਼ਨੂੰ, ਮਹੇਸ਼, ਕ੍ਰਿਸ਼ਨ, ਰਾਮ, ਜਾਂ ਅਨੇਕਾਂ ਪੀਰ ਪੈਗੰਬਰ, ਜਿਨ੍ਹਾਂ ਨੂੰ ਪ੍ਰਭੂ ਨੇ ਮਾਇਆ ਦੇ ਜਾਲ ਵਿਚ ਫਸਣ ਤੋਂ ਲੋਕਾਂ ਨੂੰ ਬਚਾਣ ਲਈ ਭੇਜਿਆ ਸੀ, ਉਹ ਪ੍ਰਭੂ ਪਿਤਾ ਨੂੰ ਭੁਲ ਕੇ ਆਪਣੀ ਪੂਜਾ ਸੇਵਾ ਕਰਵਾਣ ਲਗ ਪਏ।

ਜੇ ਕੋਈ ਹੋਤ ਭਯੋ ਜਗਿ ਸਿਆਨਾ।
ਤਿਨ ਤਿਨ ਅਪਨੋ ਪੰਥ ਚਲਾਨਾ॥੧੪॥.....
ਪਰਮੇਸਰ ਨ ਕਿਨਹੂੰ ਪਹਿਚਾਨਾ।
ਮਮ ਉਚਾਰਤੇ ਭਯੋ ਦਿਵਾਨਾ॥੧੬॥
(ਬਚਿਤ੍ਰ ਨਾਟਕ, ਪਹਿਲਾ ਅਧਿਆਏ)

ਸ਼ਬਦ-ਗੁਰੂ ਨੂੰ ਗੁਰਗੱਦੀ ਮਿਲਣ ਤੋਂ ਬਾਅਦ ਭੀ ਖ਼ਤਰਾ ਹੋ ਸਕਦਾ ਸੀ ਕਿ ਕੋਈ "ਸਿਆਣਾ" ਮਨੁਖ ਆਪਣੀ ਸਿਆਣਪ ਨਾਲ ਆਪਣੇ ਮਗਰ ਸਮੁੱਚੇ ਪੰਥ ਨੂੰ ਤੋਰ ਲੈਂਦਾ। ਪਰ ਤਤ-ਖ਼ਾਲਸੇ ਦੀ ਸਿਰਜਨਾ ਨੇ ਚੋਜੀ ਪ੍ਰੀਤਮ ਦੇ ਜੋਤੀ ਜੋਤਿ ਸਮਾਣ ਤੋਂ ਜਾਂ ਸ਼ਬਦ-ਗੁਰੂ ਨੂੰ ਗੁਰੂ-ਗੱਦੀ ਮਿਲਣ ਤੋਂ 10-12 ਸਾਲਾਂ ਵਿਚ ਹੀ ਇਹ ਸਿਧ ਕਰ ਦਿਤਾ ਕਿ ਤੱਤ ਖ਼ਾਲਸਾ ਤੱਤ (real) ਹੈ ਜੋ ਬੰਦਈ-ਖ਼ਾਲਸੇ ਦੇ ਮਿਲ-ਗੋਭੇ ਨੂੰ ਪਰਵਾਨ ਨਹੀਂ ਕਰੇਗਾ। ਤਖ਼ਤ ਕੇਸ-ਗੜ੍ਹ ਤੇ ਸਾਜਿਆ ਖ਼ਾਲਸਾ ਅਕਾਲ ਤਖ਼ਤ ਤੇ ਆ ਗਜਿਆ। ਤਤ ਖ਼ਾਲਸੇ ਦੀਆਂ ਪਰਚੀਆਂ ਦਾ ਤਰ ਆਉਣਾ, ਇਹ ਭੀ ਅਕਾਲ ਪੁਰਖ ਦਾ ਹੁਕਮ ਸੀ।

ਵਿਚਲੀ ਗੱਲ ਇਹ ਜਾਪਦੀ ਹੈ ਕਿ ਹੁਣ ਅਕਾਲ ਜੀ ਭੀ ਚਾਹੁੰਦੇ ਸਨ ਕਿ ਜੋ ਭੀ ਰਹਿਨੁਮਾ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਆਵੇ ਉਹ ਕਿਤੇ ਆਪਣੀ ਪੂਜਾ ਨਾ ਕਰਾਣ ਲਗ ਜਾਏ। ਵਾਹਿਗੁਰੂ ਜੀ ਜੋ ਇਸ ਸੰਸਾਰ ਦੀ ਅੰਤਮ ਸੱਚਾਈ ਹਨ, ਨੂੰ ਭੁਲ ਕੇ ਆਪਣੇ ਆਪ ਦੀ ਪੂਜਾ ਸੇਵਾ ਨਾ ਕਰਾਈ ਜਾਵੇ।

ਇਸ ਲਈ ਸਤਿਗੁਰ ਜੀ ਤੋਂ ਬਾਅਦ ਧੁਰ-ਕੀ-ਬਾਣੀ ਨੂੰ ਗੁਰੂ ਦਾ ਦਰਜਾ ਦਿਤਾ ਗਿਆ ਅਤੇ ਖ਼ਾਲਸੇ ਨੂੰ ਇਸ ਨਵੀਂ ਸਕੀਮ ਵਿਚ ਨਵਾਂ ਰੋਲ ਅਦਾ ਕਰਨ ਦਾ ਕੰਮ ਸੌਂਪਿਆ ਗਿਆ। ਸਤਿਗੁਰਾਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਉਸ ਜੋਤਿ ਦੀ ਤਾਬੇ ਸਤਿਗੁਰਾਂ ਦਾ ਪੰਜ-ਭੂਤਕ ਸਰੂਪ ਖ਼ਾਲਸਾ ਹੈ। ਖ਼ਾਲਸੇ ਨੂੰ ਖ਼ਾਲਸਈ ਤੇਜ ਪ੍ਰਤਾਪ ਕਾਇਮ ਰਖਣ ਬਾਰੇ ਗੁਰੂ ਸਾਹਿਬ ਇਉਂ ਚਿਤਾਵਨੀ ਦਿੰਦੇ ਹਨ-

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈ ਨ ਕਰਉ ਇਨ ਕੀ ਪਰਤੀਤ।

ਭਾਵ ਇਹ ਸੀ ਕਿ ਸਮੁਚੇ ਪੰਥ ਨੂੰ ਰਹਿਤ ਮਰਯਾਦਾ ਵਿਚ ਸਿੱਕੇ-ਬੰਦ ਕਰਕੇ ਇਕ-ਸਾਰਤਾ ਲੈ ਆਂਦੀ, ਜੋ ਇਸ ਤੋਂ ਪਹਿਲਾਂ ਕਦੀ ਦੇਖਣ ਵਿਚ ਨਹੀਂ ਸੀ ਆਈ। ਇਸ ਤੋਂ ਪਹਿਲਾਂ ਕੋਈ ਰਾਮ ਦਾਸ ਸੀ, ਕੋਈ ਕਰਮ ਚੰਦ ਸੀ, ਕੋਈ ਹੀਰਾ ਲਾਲ ਸੀ, ਪਰ ਹੁਣ ਹਰ ਇਕ ਦੇ ਨਾਮ ਨਾਲ ਸਿੰਘ ਲਗਾਇਆ ਗਿਆ। ਇਕੋ ਰਹਿਤ, ਇਕੋ ਇਸ਼ਟ, ਇਕੋ ਨਿਸ਼ਾਨਾ। ਸਮੁਚੀ ਕੌਮ ਹੁਣ ਇਕੋ ਹੀ ਜਥੇਬੰਦੀ ਵਿਚ ਜਥੇਬੰਦ ਕੀਤੀ ਗਈ।

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ।
(ਪੰਨਾ ੬੪੬)

'ਖ਼ਾਲਸਾ' ਖ਼ਾਲਸਾ ਹੀ ਹੈ, ਜੋ ਅਕਾਲ ਪੁਰਖ ਦਾ ਝੰਡਾ ਜੁਗੋ ਜੁਗ ਝੁਲਾਉਣ ਲਈ ਸਾਜਿਆ ਗਿਆ। 'ਗੁਰੂ' ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਪਰ ਜੋਤਿ ਦਾ ਝਲਕਾਰਾ ਖ਼ਾਲਸੇ ਦੇ ਦੀਦਾਰ ਵਿਚ ਵੀ ਹੁੰਦਾ ਹੈ।



www.AKJ.Org

# ਵੈਸਾਖੀ ਦੀ ਦੇਣ-ਖ਼ਾਲਸਾ

(ਵਲੋਂ ਗਿਆਨੀ ਜਸਮੇਰ ਸਿੰਘ ਜੀ ਪਾਲ)

ਸਿੱਖ ਇਤਿਹਾਸ ਦੀਆਂ ਮਹੱਤਵ-ਪੂਰਨ ਘਟਨਾਵਾਂ ਵੈਸਾਖ ਨਾਲ ਸਬੰਧਤ ਹਨ। ਖ਼ਾਲਸਈ ਰੂਪ ਵੈਸਾਖੀ ਵਾਲੇ ਦਿਨ ਹੀ ਉਜਾਗਰ ਹੋਇਆ। ਦਲ ਖ਼ਾਲਸਾ ਵੈਸਾਖੀ ਵਾਲੇ ਦਿਨ ਹੋਂਦ ਵਿਚ ਆਇਆ। ਮਹਾਰਾਜਾ ਰਣਜੀਤ ਸਿੰਘ ਜੀ ਪ੍ਰਸਿਧ ਸਿੱਖ ਹੁਕਮਰਾਨ ਲਾਹੌਰ ਦੇ ਤਖ਼ਤ ਉਤੇ ਵੈਸਾਖੀ ਵਾਲੇ ਦਿਨ ਬੈਠੇ ਸਨ। ਪੁਰਾਤਨ ਲਿਖਤਾਂ ਅਨੁਸਾਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ, ਵੈਸਾਖ ਸੁਦੀ ੩ ਸੰਮਤ ੧੫੨੬ ਦਾ ਮਿਲਦਾ ਹੈ। ਦੂਜੇ, ਪੰਜਵੇਂ ਤੇ ਨਾਵੇਂ ਗੁਰੂ ਸਾਹਿਬਾਨ ਦੇ ਜਨਮ ਦਿਨ ਵੀ ਵੈਸਾਖ ਦੇ ਮਹੀਨੇ ਨਾਲ ਹੀ ਸੰਬੰਧਤ ਹਨ।

ਅਸੀਂ ਹਰ ਸਾਲ ਵੈਸਾਖੀ ਮਨਾਉਂਦੇ ਹਾਂ। ਸਿਖ ਇਤਿਹਾਸ ਦੀ ਵੈਸਾਖੀ ਕੌਮੀ ਵਿਸਾਖੀ ਹੈ। 'ਖ਼ਾਲਸਾ' ਹੀ ਹੈ ਜੋ ਆਪਣੇ ਪਰਗਟ ਹੋਣ ਦਾ ਜਨਮ ਦਿਨ ਮਨਾਂਦਾ ਹੈ। ਦੂਜੇ ਕਿਸੇ ਧਰਮ ਵਿਚ ਕੌਮ ਦਾ ਜਨਮ ਦਿਨ ਨਹੀਂ ਮਨਾਇਆ ਜਾਂਦਾ।

ਦਸਮੇਸ਼ ਪਿਤਾ ਨੇ ਖੰਡੇ ਦੀ ਧਾਰ ਵਿਚੋਂ ਇਸ ਪਵਿਤਰ ਦਿਹਾੜੇ ਖ਼ਾਲਸੇ ਨੂੰ ਜਨਮ ਦਿਤਾ ਸੀ ਅਤੇ ਮਰਨ ਜੀਵਣ ਦੀ ਜਾਚ ਸਿਖਾਈ ਸੀ। ਉਨ੍ਹਾਂ ਨੇ ਇਕ ਆਦਰਸ਼ਕ ਮੁਕੰਮਲ ਇਨਸਾਨ ਦਾ ਨਕਸ਼ਾ ਘੜਿਆ ਸੀ। ਗੁਰੂ ਨਾਨਕ ਦੇਵ ਜੀ ਨੇ ਦੇਸ-ਦੇਸਾਂਤਰਾਂ ਦਾ ਰਟਨ ਕਰਦਿਆਂ ਚਾਰ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਦਾ ਕੀ ਮੰਤਵ ਸੀ- ਖ਼ਾਲਸੇ ਦੀ ਸਾਜਨਾ ਲਈ ਜਿਹੜਾ ਬੀਜ ਦਸਵੇਂ ਜਾਮੇ ਵਿਚ ਬੀਜਿਆ ਉਸ ਲਈ ਧਰਤੀ ਤਿਆਰ ਕਰਨਾ ਸੀ। ਮੁਕੰਮਲ ਇਨਸਾਨ ਪੈਦਾ ਕਰਨਾ ਉਨ੍ਹਾਂ ਦਾ ਮਨੋਰਥ ਸੀ। ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ ਧਰਮਸਾਲਾਂ ਕਾਇਮ ਕੀਤੀਆਂ, ਸੰਗਤਾਂ ਬਣਾਈਆਂ ਤੇ ਵੰਡ ਛਕਣ ਦੀ ਜਾਚ ਦੱਸੀ। ਉਨ੍ਹਾਂ ਨੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਸਾਹਸ ਦਿਤਾ ਅਤੇ ਵਾਹਿਗੁਰੂ ਦਾ ਨਾਮ ਜਪਾਇਆ ਗੁਰੂ ਨਾਨਕ ਦੇਵ ਜੀ ਦੀ ਕਾਇਮ ਕੀਤੀ ਸੰਗਤ ਦਸ਼ਮੇਸ਼ ਗੁਰੂ ਜੀ ਦੇ ਸਮੇਂ ਖ਼ਾਲਸੇ ਦੇ ਰੂਪ ਵਿਚ ਉਜਾਗਰ ਹੋਈ।

ਸੰਸਾਰ ਦੇ ਸਾਰੇ ਇਤਿਹਾਸ ਵਿਚ ਸਿਖ ਗੁਰੂ ਸਾਹਿਬਾਨ ਤੋਂ ਬਿਨਾਂ ਕਿਸੇ ਵੀ ਧਾਰਮਕ ਆਗੂ ਜਾਂ ਪੈਗੰਬਰ ਨੇ ਆਪਣੇ ਚੇਲਿਆਂ ਨੂੰ ਆਪਣੇ ਬਰਾਬਰ ਦਾ ਦਰਜਾ ਨਹੀਂ ਦਿਤਾ । ਪਰ ਸਿਖ ਧਰਮ ਨੇ ਉਲਟੀ ਗੰਗਾ ਵਗਾ ਦਿਤੀ । ਲਹਿਣਾ ਅੰਗਦ ਬਣ ਕੇ ਗੁਰੂ ਅਮਰਦਾਸ ਦੀ ਥਾਂ ਲੈ ਗਿਆ। ਅਮਰਦਾਸ ਜੀ 'ਅਮਰੂ ਨਿਥਾਵਾਂ' ਸਦਵਾ ਕੇ, ਜਲ ਦੀਆਂ ਗਾਗਰਾਂ ਢੋਦੇਂ ਢੋਦੇਂ, ਗੁਰੂ ਅੰਗਦ ਸਾਹਿਬ ਤੋਂ ਜੋਤਿ ਪ੍ਰਾਪਤ ਕਰਕੇ ਗੁਰੂ ਅਮਰਦਾਸ ਜੀ ਬਣ ਗਏ। ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਜੀ ਅਟੁਟ ਸੇਵਾ ਵਿਚ ਜੁਟ ਕੇ ਗੁਰੂ-ਜੋਤਿ ਵਿਚ ਇਕ ਮਿਕ ਹੋ ਕੇ, ਗੁਰੂ ਰਾਮਦਾਸ ਜੀ ਬਣ ਗਏ। ਇਸੇ ਤਰ੍ਹਾਂ ਕਲਗੀਧਰ ਦਸ਼ਮੇਸ਼ ਪਿਤਾ ਜੀ ਖ਼ਾਲਸੇ ਨੂੰ ਆਪਣਾ ਖ਼ਾਸ ਰੂਪ ਕਕਾਰ ਦਿਤਾ। ਗੁਰੂ ਚੇਲੇ ਦੀ ਵਿੱਥ ਨੂੰ ਮੇਟ ਦਿੱਤਾ-

ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਕਲਗੀਧਰ ਜੀ ਨੇ ਉਨ੍ਹਾਂ ਮਨੁਖਾਂ ਜੋ ਕੀੜੇ ਮਕੌੜਿਆਂ ਤੇ ਭੇਡਾਂ ਬਕਰੀਆਂ ਵਾਂਗ ਦਿਨ ਕੱਟੀ ਕਰ ਰਹੇ ਸਨ, ਮਨੁੱਖਾ ਦੀ ਸਹੀ ਸੂਝ ਬਖ਼ਸ਼ ਕੇ ਜ਼ਬਤ ਵਾਲਾ, ਸਵੈ-ਵਿਸ਼ਵਾਸੀ, ਉਚ-ਆਦਰਸ਼ੀ, ਪਵਿੱਤਰ, ਸਿਦਕੀ ਤੇ ਬਚਨ ਦਾ ਬਲੀ ਹੋਣ ਦਾ ਸੰਦੇਸ਼ ਦਿਤਾ, ਹਰ ਔਖੀ ਘੜੀ ਦਾ ਪੂਰਨ ਦਲੇਰੀ, ਪੂਰਨ ਖੇੜੇ ਤੇ ਹੁਲਾਰੇ ਵਿਚ ਰਹਿ ਕੇ ਟਾਕਰਾ ਕਰਨਾ ਸਿਖਾਇਆ ਅਤੇ ਆਲਸ, ਦਲਿੱਦਰ ਤੇ ਚਿੰਤਾ ਝੋਰਿਆਂ ਤੋਂ ਨਿਜਾਤ ਬਖ਼ਸ਼ੀ ਖ਼ਾਲਸੇ ਨੂੰ ਆਪਣੇ ਪਰਵਾਰ, ਆਪਣੇ ਆਲੇ ਦੁਆਲੇ, ਆਪਣੇ ਦੇਸ਼ ਅਤੇ ਸਾਰੇ ਸੰਸਾਰ ਦਾ ਹਿਤੈਸ਼ੀ ਤੇ ਹਮਦਰਦ ਬਨਣ ਦੀ ਗੁੜ੍ਹਤੀ ਦਿਤੀ। ਖ਼ਾਲਸੇ ਨੂੰ ਧਰਮ, ਦੇਸ਼ ਅਤੇ ਦੀਨਾਂ ਦੁਖੀਆਂ ਦੀ ਖ਼ਾਤਰ ਮਰ ਮਿਟਣ ਲਈ, ਆਪਣੀ ਜਾਨ ਤਕ ਵਾਰ ਦੇਣ ਲਈਂ ਤਾਕੀਦੀ ਹੁਕਮ ਕੀਤਾ।

ਜਾਤ ਪਾਤ, ਛੂਤ ਛਾਤ, ਕਰਮ ਖੰਡ ਅਤੇ ਪਖੰਡ ਦਿਖਾਵੇ ਆਦਿ ਤੋਂ ਉਚਿਆਂ ਚੁਕ ਕੇ ਸਾਰੀ ਕਾਇਨਾਤ ਵਿਚ ਪ੍ਰਭੂ ਦੀ ਜੋਤਿ ਦੇ ਦਰਸ਼ਨ ਕਰਨ ਦਾ ਆਦੇਸ਼ ਦਿੱਤਾ ਅਤੇ ਉਸ ਜੋਤਿ ਵਿਚ ਅਠੇ ਪਹਿਰ ਸੁਰਤ ਜੋੜ ਕੇ ਇਕ ਮਿਕ ਹੋਣ ਦੀ ਮਹਾਨ ਦਾਤ ਬਖ਼ਸ਼ੀ।

ਖ਼ਾਲਸੇ ਨੇ ਇਨ੍ਹਾਂ ਆਦੇਸ਼ਾਂ ਨੂੰ ਸਭ ਤੋਂ ਪਹਿਲਾਂ ਸੀਸ ਭੇਟ ਕਰਨ ਵਾਲੇ ਪੰਜਾਂ ਨੇ ਕਬੂਲ ਕੀਤਾ । ਉਨ੍ਹਾਂ ਨੇ ਪਰਵਾਨ ਕਰ ਕੇ ਸੀਸ ਨਿਵਾਏ, ਉਪਰੰਤ ਸੈਂਕੜੇ ਤੇ ਹਜ਼ਾਰਾਂ ਸਿੰਘਾ ਨੇ ਅੰਮ੍ਰਿਤ- ਬਾਟਾ ਪਾਨ ਕਰ ਕੇ ਉਪਰੋਕਤ ਪ੍ਰਣ ਲਏ। ਇਉਂ ਵਿਸਾਖੀ ਵਾਲੇ ਦਿਨ ਖ਼ਾਲਸਾ ਇਲਾਹੀ ਰੰਗਣਾਂ ਵਿਚ ਰੰਗੀਜਿਆ ਹੋਇਆ ਇਕ ਮਹਾਨ ਜੱਥੇਬੰਦੀ ਵਿਚ ਪ੍ਰੋਤਾ ਗਿਆ।

ਸੰਤ ਸਰੂਪ ਖ਼ਾਲਸੇ ਤੇ ਖੜਗਧਾਰੀ ਤੇ ਸ਼ਸਤ੍ਰਧਾਰੀ ਰਹਿ ਕੇ ਅੰਮ੍ਰਿਤ ਦੀ ਪਾਲਣਾ ਰਕਨੀ ਹੈ ਖ਼ਾਲਸੇ ਨੇ ਨਾ ਕਿਸੇ ਤੋ ਡਰਨਾ ਹੈ ਤੇ ਨਾ ਕਿਸੇ ਨੂੰ ਡਰਾਉਣਾ ਹੈ-

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।" ਵਾਲੀ ਅਵਸਥਾ ਵਿਚ ਵਿਚਰਨਾ ਹੈ। 'ਸਿਖੀ' ਸੇਵਾ ਸਿਮਰਨ ਦਾ ਜੀਵਨ ਹੈ। ਇਸ ਸੇਵਾ ਸਿਮਰਨ ਵਾਲੇ ਦੀ ਰਖਵਾਲੀ

(ਬਾਕੀ ਪੰਨਾ ੨੬ ਤੇ..)



www.AKJ.Org

# "ਤੇਗ਼"

(ਗੁਰਦੇਵ ਸਿੰਘ ਗੌਹਰ)

ਚਮਕਦੀ ਸੀ ਤੇਗ਼ ਜਦੋਂ ਹੱਥ ਦਸਮੇਸ਼ ਦੇ ਚ, ਗੌਰ ਨਾਲ ਤੱਕੋ ਕੇਸ ਗੜ੍ਹ ਦੇ ਦੀਵਾਨ ਹੈ।
ਦੇਵੀਆਂ ਤੇ ਕੰਜਕਾਂ ਦੀ ਲਾਜ ਨੂੰ ਬਚਾਉਣ ਲਈ, ਛੱਡ ਕੇ ਹਲੀਮੀ ਅੱਜ ਹੋਣਾ ਸਾਵਧਾਨ ਹੈ।
ਦਿਲ ਛੱਡ ਜਾਣਾ ਇਹ ਕੰਮ ਨਹੀਂ ਸੂਰਮੇ ਦਾ, ਇਥੇ ਬੈਠਾ ਰਹੂ ਜਿਹੜਾ ਕੌਮ ਦਾ ਜੁਆਨ ਹੈ।
ਪੰਜਾਂ ਅਜ ਸਿਰਾਂ ਦੀ ਹਿੰਦ ਤਾਈਂ ਲੋੜ ਪਈ, ਮੰਨੋ ਇਹ ਸ਼ਰਤ ਸਿੰਘੋ ਜਿਹਨੂੰ ਪ੍ਰਵਾਨ ਹੈ

ਧਰਮ ਦੇ ਬਚਾਉਣ ਲਈ ਤੇਗ਼ ਤਾਈਂ ਭੇਟ ਦੇਵੋ, ਅੱਗੇ ਹੋ ਕੇ ਵਧੋ ਜੀਹਨੇ ਹੋਣਾ ਕੁਰਬਾਨ ਹੈ।
ਤੇਗ਼ ਨੇ ਬਚਾਈ ਹਿੰਦ ਤੇਗ਼ ਨੇ ਸਜਾਏ ਸਿੰਘ, ਚੌਹੀਂ ਪਾਸੀਂ ਤੱਕੋ ਇਹ ਤੇਗ਼ ਦੀ ਹੀ ਸ਼ਾਨ ਹੈ।

ਸੁਣਦੇ ਹੀ ਸਾਰ ਇਹ ਬੋਲ ਦਸਮੇਸ਼ ਜੀ ਦਾ, ਕੌਮ ਦੇ ਰਸੀਲੇ ਅੱਗੇ ਭੱਜ ਭੱਜ ਆਏ ਸੀ।
ਇਕ ਦੂਜੇ ਕੋਲੋਂ ਅੱਗੇ ਵਧ ਵਧ ਜਾਂਵਦੇ ਸੇ, ਗੁਰੂ ਦਸਮੇਸ਼ ਤਾਈਂ ਸੀਸ ਜਾ ਝੁਕਾਏ ਸੀ।
ਵਾਰੀ ਵਾਰੀ ਲੈ ਗੈ ਫੜ ਤੰਬੂਆਂ ਦੇ ਵਿੱਚ ਦਾਤਾ, ਪੰਜੇ ਹੀ ਪਿਆਰੇ ਭੇਟ ਤੇਗ਼ ਦੀ ਚੜ੍ਹਾਏ ਸੀ।
ਦੇਖ ਦੇਖ ਦੁਨੀਆਂ ਹੈਰਾਨ ਪਈ ਹੋਵੰਦੀ ਸੀ, ਓਹੀ ਪੰਜੇ ਪਿਆਰੇ ਜਦੋਂ ਸਿੰਘ ਸਜ ਆਏ ਸੀ।

ਮਾਈ ਬਾਪ ਇਹੀ ਤੇ ਗੁਰੂ ਪੀਰ ਇਹੀ ਸਾਡਾ, ਖਾਲਸੇ ਦੇ ਲਈ ਸਾਰੇ ਤੇਗ਼ ਭਗਵਾਨ ਹੈ।
ਤੇਗ਼ ਨੇ ਬਚਾਈ ਹਿੰਦ ਤੇਗ਼ ਨੇ ਸਜਾਏ ਸਿੰਘ, ਚੌਹੀਂ ਪਾਸੀਂ ਤਕੋ ਇਹ ਤੇਗ਼ ਦੀ ਸ਼ਾਨ ਹੈ।

ਲੈਕੇ ਜਲ ਸੁੱਚਾ ਕਲਾ ਪਾਈ ਦਸਮੇਸ਼ ਜੀ ਨੇ, ਕੀਤਾ ਅੰਮ੍ਰਿਤ ਪੰਜੇ ਬਾਣੀਆਂ ਪੜ੍ਹਾਏ ਕੇ।
ਦੇਖ ਇਹ ਕਲਾ ਸੋਹਣੀ ,ਸ਼ੌਂਕ ਆਇਆ ਮਾਤਾ ਜੀ ਨੂੰ, ਘੋਲ ਤੇ ਪਤਾਸ਼ੇ ਵਿੱਚ ਝੱਟ ਹੀ ਮੰਗਾਏ ਕੇ।
ਕਰ ਕੇ ਤਿਆਰ ਜਦੋਂ ਛਕਣੇ ਦੀ ਵਾਰੀ ਆਈ, ਛਕਿਆਂ ਸੀ ਆਪ, ਪਹਿਲੋਂ ਪੰਜਾਂ ਨੂੰ ਛਕਾਏ ਕੇ।
ਚਿਹਰੇ ਉਤੇ ਰੂਹਬ ਤੇ ਲਾਲੀ ਦਿਸੇ ਅੱਖਾਂ ਵਿੱਚ, ਤੋਰ ਦਿਤੇ ਘਰੀਂ ਸ਼ੇਰ ਗਿਦੜੋਂ ਬਣਾਏ ਕੇ।

ਕੱਛ, ਕੰਘਾਂ, ਕੜਾ ਤੇ ਤੇਗ਼ ਵਿੱਚ ਗਾਤਰੇ ਦੇ, ਸਿਰ ਉਤੇ ਕੇਸ਼ ਇਹ ਸਿੱਖੀ ਦਾ ਨਿਸ਼ਾਨ ਹੈ।
ਤੇਗ਼ ਨੇ ਬਚਾਈ ਹਿੰਦ, ਤੇਗ਼ ਨੇ ਸਜਾਏ ਸਿੰਘ ਚੌਹੀਂ ਪਾਸੀਂ ਤੱਕੋ ਇਹ ਤੇਗ਼ ਦੀ ਹੀ ਸ਼ਾਨ ਹੈ।

ਅੱਜ ਦੇ ਹੀ ਦਿਨ ਇਨ੍ਹਾਂ ਮੁੱਠੀ ਭਰ ਸਿੰਘਾਂ ਬਹਿ ਕੇ, ਖਾਦੀ ਸੀ ਕਸਮ ਸਾਰੀ ਹਿੰਦ ਨੂੰ ਬਚਾਉਣ ਦੀ।
ਝੰਡੇ ਲਹਿਰਾਏ ਸੀ ਪਹਾੜਾਂ ਦੀਆਂ ਚੋਟੀਆਂ ਤੇ, ਹਟਾਈ ਸੀ ਰੀਤ ਇਨ੍ਹਾਂ ਮੁਗਲਾਂ ਦੇ ਆਉਣ ਦੀ।
ਦੰਦ ਖੱਟੇ ਕੀਤੇ ਇਨ੍ਹਾਂ ਜ਼ਾਲਮ ਦੁਰਾਨੀਆਂ ਦੇ, ਕਰ ਤੀ ਸੀ ਬੰਦੀ ਇਨ੍ਹਾਂ ਕੰਨਿਆਂ ਉਠਾਉਣ ਦੀ।
ਸਤਾਰਾਂ ਵਾਰੀ ਹਿੰਦ ਜਿਹਨੇ ਲੁੱਟੀ ਸੀ ਜ਼ੋਰ ਨਾਲ, ਦੱਸ ਤੀ ਸਜ਼ਾ ਉਹਨੂੰ ਫੇਰ ਮੁੜ ਆਉਣ ਦੀ।

ਰਣ ਵਿੱਚ ਤੇਗ਼ ਸੋਹਣੀ ਲਿਸ਼ਕਾਂ ਪਈ ਮਾਰਦੀ ਏ, ਸਾਰੀ ਏਸ ਹਿੰਦ ਦੀ ਹੱਥ ਤੇਗ਼ ਜਾਨ ਹੈ।
ਤੇਗ਼ ਨੇ ਬਚਾਈ ਹਿੰਦ, ਤੇਗ਼ ਨੇ ਸਜਾਏ ਸਿੰਘ, ਚੌਹੀਂ ਪਾਸੀਂ ਤੱਕੋ ਇਹ ਤੇਗ਼ ਦੀ ਹੀ ਸ਼ਾਨ ਹੈ।

ਅੱਜ ਦੇ ਹੀ ਦਿਨ ਸਿੰਘਾਂ ਤੇਗ਼ ਤੋਂ ਜਨਮ ਲਿਆ, ਵਾਰ ਦਿਆਂ ਗੇ ਸਿਰ ਏਸ ਤੇਗ਼ ਦੀ ਹੀ ਧਾਰ ਤੋਂ।
ਦੇਸ਼ ਦੇ ਹੀ ਬੰਦੇ ਅਸੀਂ ਦੇਸ਼ ਲਈ ਪੈਦਾ ਹੋਏ, ਵਾਰ ਦਿਆਂ ਗੇ ਜਾਨ ਦੁਖੀ ਦੇਸ਼ ਦੀ ਪੁਕਾਰ ਤੋਂ।
ਪਹਿਲੋਂ ਸਾਨੂੰ ਦੇਸ਼ ਤੇ ਮਗਰੋਂ ਮੁਰਾਦ ਹੋਰ, ਘੋਲ ਦਿਆਂ ਗੇ ਜਾਨ ਏਸ ਦੇਸ਼ ਦੇ ਪਿਆਰ ਤੋਂ।
ਗੁਰੂ ਦੀ ਹਜ਼ੂਰੀ ਵਿੱਚੋ ਮਿਲਦੀਆਂ ਮੁਰਾਦਾਂ ਸਭੇ, ਗਿਆ ਨਹੀਂ ਖਾਲੀ ਕੋਈ ਗੁਰੂ ਦੇ ਦੁਆਰ ਤੋਂ।

ਅੱਜ ਦੇ ਦਿਨ "ਗੌਹਰ" ਹਿੰਦ ਤੇਗ਼ ਦੇ ਸੀ ਲੜ ਲਾਈ, ਸਾਰੀ ਏਸ ਹਿੰਦ ਦੀ ਹੱਥ ਤੇਗ਼ ਜਾਨ ਹੈ।
ਤੇਗ਼ ਨੇ ਬਚਾਈ ਹਿੰਦ ਤੇਗ਼ ਨੇ ਸਜਾਏ ਸਿੰਘ, ਚੌਹੀਂ ਪਾਸੀਂ ਤੱਕੋ ਇਹ ਤੇਗ਼ ਦੀ ਹੀ ਸ਼ਾਨ ਹੈ।

---

# ਖਾਲਸੇ ਦਾ ਬੇਨਜ਼ੀਰ ਨਿਆਰਾਪਨ

(ਪ੍ਰਿੰ: ਸੱਜਣ ਸਿੰਘ ਜੀ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਬੈਸਾਖੀ ਦੇ ਦਿਨ ਦੈਵੀ ਗੁਣਾਂ ਦਾ ਸਰੂਪ, ਰੱਬ ਦੀ ਸੂਰਤ ਵਾਲਾ ਆਦਰਸ਼ਕ ਮਨੁਖ ਅਰਥਾਤ ਖਾਲਸਾ ਸਿਰਜਿਆ। ਬੇਸ਼ਕ ਇਸ ਦਾ ਬਾਹਰੀ ਜਾਂ ਸਰੀਰਕ ਸਰੂਪ ਪਹਿਲੇ ਗੁਰੂ ਸਾਹਿਬਾਨ ਤੋਂ ਹੀ ਚੱਲਿਆ ਆਉਂਦਾ ਸੀ ਤੇ ਸਿੱਖਾਂ ਨੂੰ ਕੇਸ ਧਾਰਨ ਕਰਨ ਦਾ ਹੁਕਮ ਸੀ, ਫਿਰ ਵੀ ਸਹਿਜਧਾਰੀ ਸਿੱਖਾਂ ਦੀ ਸੰਖਿਆਂ ਕਾਫੀ ਸੀ। ਇਤਿਹਾਸ ਵਿਚ ਜ਼ਿਕਰ ਆਂਉਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੇਲੇ ਕਈ ਗੁਰਸਿੱਖਾਂ ਨੇ ਆਪਣੀ ਸਿੱਖੀ ਦਾ ਪ੍ਰਗਟਾਵਾ ਕਰਨ ਤੋਂ ਸੰਕੋਚ ਕੀਤਾ ਸੀ। ਬਾਲਾ ਪ੍ਰੀਤਮ ਸਤਿਗੁਰੂ ਨੇ ਜਦ ਇਹ ਘਟਨਾ ਸੁਣੀ ਤਾਂ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਮੈਂ ਆਪਣੇ ਸਿੱਖਾਂ ਨੂੰ ਐਸਾ ਭੇਸ, ਐਸਾ ਰੂਪ ਬਖਸ਼ਾਂਗਾ ਕਿ ਉਹ ਲੱਖਾਂ ਵਿਚੋਂ ਵੀ ਆਪਣੀ ਵਿਲੱਖਣ ਹਸਤੀ ਨੂੰ ਛੁਪਾ ਨਹੀਂ ਸਕੇਗਾ। ਹੁਣ ਲੱਗ ਭੱਗ ਤਿੰਨ ਸਦੀਆਂ ਬੀਤ ਚੁਕੀਆਂ ਹਨ, ਵਿਗਿਆਨਕ ਯੁਗ ਦਾ ਬੋਲ ਬਾਲਾ ਹੈ ਤੇ ਆਨ ਧਰਮਾਂ ਦੇ ਪੈਰੋਕਾਰ ਆਪਣੇ ਧਾਰਮਕ ਆਗੂ ਦੀ ਚਾਲ ਤੇ ਚੱਲਣ ਦੀ ਬਜਾਏ, ਬੇਮੁਹਾਰੇ ਪਦਾਰਥਵਾਦ ਤੇ ਨਾਸਤਕਤਾ ਦੇ ਤੂਫਾਨੀ ਹੜ੍ਹ ਵਿੱਚ ਰੁੜ੍ਹ ਰਹੇ ਹਨ ਪਰ ਦਸਮੇਸ਼ ਪਿਤਾ ਦਾ ਸਿਰਜਿਆ ਖਾਲਸਾ ਨਾ ਕੇਵਲ ਆਪਣੀ ਹੋਂਦ ਨੂੰ ਸੰਭਾਲਦਾ ਆਇਆ ਹੈ, ਔਕੜਾਂ ਮੁਸੀਬਤਾਂ ਵਿਚੋਂ ਲੰਘਦਾ ਖਾਲਸਈ ਧਰਮ-ਧੁਜਾ ਦੀ ਆਨ, ਮਾਨ, ਸ਼ਾਨ ਨੂੰ ਵਿਸ਼ਵ ਭਰ ਵਿਚ ਚਮਕਾਉਂਦਾ ਆਇਆ ਹੈ।

ਖਾਲਸੇ ਦੀ ਵਿਲੱਖਣਤਾ ਦਾ ਘੇਰਾ ਬਹੁਤ ਵਿਸ਼ਾਲ ਹੈ। ਕੁਦਰਤੀ ਸਰੀਰਕ ਸਰੂਪ ਤੇ ਪਹਿਰਾਵਾ ਖਾਲਸੇ ਦੇ ਲਾਜ਼ਮੀ ਅੰਗ ਹਨ। "ਸਾਬਤਿ ਸੂਰਤਿ ਦਸਤਾਰ ਸਿਰਾ", ਦੋਹਾਂ ਦੀ ਅਹਿਮੀਅਤ ਦਾ ਵਰਨਣ ਗੁਰਬਾਣੀ ਦਾ ਅਨਿਖੜਵਾਂ ਅੰਗ ਹੈ। ਇਸ ਦੇ ਇਲਾਵਾ, ਸਮਾਜਕ, ਧਾਰਮਕ ਤੇ ਅਧਿਆਤਮਕ ਖੇਤਰ ਵਿੱਚ ਖਾਲਸੇ ਦੀ ਚਮਕ ਦਮਕ ਸਾਰੇ ਸੰਸਾਰ ਵਿੱਚ ਰੌਸ਼ਨ ਹੈ। ਇਸ ਦੀ ਸੋਚਣੀ ਪਾਵਨ ਪਵਿੱਤਰ, ਇਸ ਦੇ ਬਚਨ ਅੰਮ੍ਰਿਤਮਈ ਤੇ ਕਰਨੀ ਕਰਮ, ਧਰਮ, ਪਾਖੰਡ, ਦਿਖਾਵੇ ਤੋਂ ਉੱਚੀ ਤੇ ਸੁੱਚੀ ਹੈ।

ਜਿਸ ਸ਼ੁਭ ਦਿਹਾੜੇ ਖਾਲਸੇ ਦਾ ਪਰਕਾਸ਼ ਹੋਇਆ, ਉਹ ਹਰ ਸਾਲ ਗੁਰਦੇਵ ਜੀ ਦੀ ਸਾਹਸ, ਦਲੇਰੀ, ਮਨੋਵਿਗਿਆਨਕ ਰੁੱਚੀ, ਪਰਉਪਕਾਰ ਭਰੀ ਨਾਟਕੀ ਜੁਗਤੀ ਤੇ ਪ੍ਰਭਾਵ ਸ਼ਾਲੀ ਸਖਸੀਅਤ ਦੀ ਯਾਦ ਦਿਲਾਉਂਦਾ ਹੈ। ਇਹ ਗੁਰਸਿੱਖੀ ਦਾ, ਆਗਿਆ ਪਾਲਣ ਦਾ, ਤਿਆਗ ਤੇ ਆਤਮ-ਸਮਰਪਨ ਦਾ ਆਖਰੀ ਇਮਤਹਾਨ ਸੀ। ਪਰਚਾ ਗੁੰਝਲਦਾਰ ਨਹੀਂ, ਔਖਾ ਜ਼ਰੂਰ ਸੀ, ਕਿਉਂਕਿ ਇਹ ਤਨ, ਮਨ, ਧਨ ਤੇ ਸਿਰ ਦੀ ਕੁਰਬਾਨੀ ਮੰਗਦਾ ਸੀ, ਜ਼ਿੰਦਗੀ ਤੇ ਮੌਤ ਦਾ ਸਵਾਲ ਸੀ, ਮੌਤ ਤੋਂ ਜ਼ਿੰਦਗੀ ਪ੍ਰਾਪਤ ਕਰਨ, ਜਾਂ ਜ਼ਿੰਦਗੀ ਨੂੰ ਮੌਤ ਦੇ ਹਵਾਲੇ ਕਰਨ ਦਾ ਫੈਸਲਾ ਕਰਨ ਦਾ ਸੀ। ਗੁਰਸਿੱਖਾਂ ਦੀ ਪ੍ਰੇਮ ਦੀ ਖੇਡ ਦੇ ਚਾਉ ਨੂੰ ਪਰਖਣ ਦਾ ਸੀ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥
(ਸਲੋਕ ਵਾਰਾਂ ਤੇ ਵਧੀਕ-੧੪੧੨)

ਜਿਸ ਮੰਤਵ ਲਈ ਪਰਚਾ ਪਾਇਆ ਸੀ, ਉਸ ਦੀ ਪੂਰਤੀ ਲਈ ਦੂਰੋਂ ਦੂਰੋਂ ਸੰਗਤ ਨੂੰ ਬੁਲਾਇਆ ਸੀ। ਇਸ ਦਿਨ ਸੱਚੇ ਗੁਰਦੇਵ ਜੀ ਨੇ ਅਮਰ ਜੀਵਨ ਪਰਦਾਨ ਕਰਨਾ ਸੀ, ਨਿਰਭਉ ਦੇ ਲੜ ਲਾ ਕੇ ਨਿਰਭੈਤਾ ਦਾ ਜਜ਼ਬਾ ਉਤਪੰਨ ਕਰਨਾ ਸੀ, ਭਗਤੀ-ਸ਼ਕਤੀ ਦਾ ਸੰਚਾਰ ਕਰ ਕੇ ਸੰਤ ਸਿਪਾਹੀ ਬਣਾਉਣਾ ਸੀ ਤੇ ਨਿਰਦਈ ਹਕੂਮਤ ਦੇ ਬਿਨਾਸ ਲਈ ਅਣਖੀ, ਯੋਧਾ ਤੇ ਸੂਰਬੀਰ ਸਿੰਘ ਸਜਾਉਣਾ ਸੀ।

ਗੁਰਦੇਵ ਪਿਤਾ ਜੀ ਨੇ ਰੱਬੀ ਮਿਸ਼ਨ ਨੂੰ ਅਮਲੀ ਰੂਪ ਦੇਣ ਲਈ ਖਾਸ ਹੁਕਮਨਾਮੇ ਭੇਜ ਕੇ ਇਸ ਭਾਗਾਂ ਭਰੇ ਬੈਸਾਖੀ ਦੇ ਪੁਰਬ ਤੇ ਆਮੰਤ੍ਰਤ ਕੀਤਾ। ਕੋਈ ਗੁਰਸਿੱਖ ਇਸ ਅਨੋਖੇ ਕੌਤਕ ਤੋਂ ਜਾਣੂੰ ਨਹੀਂ ਸੀ। ਮੁਗਲ ਹਕੂਮਤ ਨੇ ਇਸ ਵਿਸ਼ੇਸ਼ ਸਮਾਗਮ ਦੀ ਰਿਪੋਰਟ ਲੈਣ ਲਈ ਜਾਸੂਸ ਭੇਜੇ ਸਨ ਜਿਨ੍ਹਾਂ ਨੇ ਅੱਖੀ ਡਿੱਠੇ ਹਾਲਾਤ ਦਾ ਵੇਰਵਾ ਹਕੂਮਤ ਨੂੰ ਭੇਜਿਆ ਤੇ ਖੰਡੇ ਦਾ ਅੰਮ੍ਰਿਤ ਛਕਾਉਣ ਦਾ ਜ਼ਿਕਰ ਵਿਸਥਾਰ ਸਹਿਤ ਕੀਤਾ।

ਕੀਰਤਨ ਦੇ ਉਪਰੰਤ ਗੁਰਦੇਵ ਜੀ ਸਟੇਜ ਤੇ ਚੜ੍ਹੇ ਤੇ ਨੰਗੀ ਲਿਸ਼ਕਦੀ ਤਲਵਾਰ ਦੀ ਭੁੱਖ ਮਿਟਾਉਣ ਲਈ ਸੀਸ ਦੀ ਮੰਗ ਕੀਤੀ। ਉਸ ਸਮੇਂ ਗੁਰਦੇਵ ਜੀ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਮਨ ਦੀ ਗੰਭੀਰਤਾ, ਆਵਾਜ਼ ਦੀ ਸ਼ੇਰ ਜੈਸੀ ਗਰਜ਼ ਤੇ ਅਖਾਂ ਦੀ ਖੂਨੀ ਲਾਲੀ ਤੱਕ ਕੇ ਸੰਗਤ ਵਿੱਚ ਸੰਨਾਟਾ ਛਾ ਗਿਆ। ਕੱਚੇ ਪਿੱਲੇ ਡੋਲ ਗਏ ਪਰ ਕਰਨੀ ਦੇ ਸੂਰੇ, ਇੱਕ ਇੱਕ ਕਰ ਕੇ ਪੰਜ ਨਿੱਤਰੇ ਤੇ ਆਪਣਾ ਸੀਸ ਤਲਵਾਰ ਦੇ ਹਵਾਲੇ ਕੀਤਾ। ਸੱਚੇ ਗੁਰਦੇਵ ਦੀ ਸਮਰਥਾ ਬਾਰੇ ਗੁਰ ਫੁਰਮਾਨ ਹੈ।


www.AKJ.Org

ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥
ਸਤਿਗੁਰੁ ਮੇਰਾ ਮਾਰਿ ਜੀਵਾਲੈ॥
ਸਤਿਗੁਰ ਮੇਰੇ ਕੀ ਵਡਿਆਈ॥
ਪ੍ਰਗਟੁ ਭਈ ਹੈ ਸਭਨੀ ਥਾਈ॥
(ਭੈਰਉ ਮਹਲਾ ੫-੧੧੪੨)

ਉਸ ਸਮੇਂ ਦੇ ਲਿਖਾਰੀਆਂ ਤੇ ਇਤਿਹਾਸ ਕਾਰੀਆਂ ਨੇ ਪੰਜਾਂ ਦੇ ਸਿਰ ਕਲਮ ਕਰਕੇ ਤੇ ਮੁੜ ਸੁਰਜੀਤ ਕਰਨ ਦਾ ਕੌਤਕ ਭੀ ਲਿਖਿਆ ਹੈ, ਤੇ ਅੰਮ੍ਰਿਤ ਦੀ ਜੀਵਨ ਦਾਨ ਦੇਣ ਦੀ ਵਡਿਆਈ ਨੂੰ ਦਰਸਾਇਆ ਹੈ। ਕਨਾਤ ਵਿਚੋਂ ਸਿਰ ਕਟੱਣ ਦੀ ਅਵਾਜ਼ ਭੀ ਸੰਗਤ ਨੇ ਸੁਣੀ। ਲਹੂ ਨਾਲ ਭਿੱਜੀ ਤਲਵਾਰ ਭੀ ਤੱਕੀ, ਪਰ ਕਨਾਤ ਦੇ ਅੰਦਰ ਕਿਵੇਂ ਤੇ ਕੀ ਵਰਤਿਆ, ਦਸਮੇਸ਼ ਪਿਤਾ ਨੇ ਬਿਲਕੁਲ ਗੁਪਤ ਰੱਖਿਆ। ਸੰਗਤ ਉਸ ਵੇਲੇ ਚਕ੍ਰਿਤ ਰਹਿ ਗਈ, ਜਦ ਉਸ ਨੇ ਪੰਜਾਂ ਨੂੰ ਸੁੰਦਰ ਪੋਸ਼ਾਕ ਵਿਚ ਨਵਜੀਵਨ ਵਿੱਚ ਤੇ ਚੜ੍ਹਦੀ ਕਲਾ ਦੇ ਰੂਪ ਵਿੱਚ ਵੇਖਿਆ। ਉਸ ਦਿਨ ਹਜ਼ਾਰਾਂ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਅਕਾਲ ਪੁਰਖ ਦੀ ਅਕਾਲੀ ਫੌਜ ਵਿਚ ਭਰਤੀ ਹੋਏ। ਸਭਨਾਂ ਦੀ ਜ਼ਬਾਨ ਤੇ ਆਤਮਾ ਚੋਂ ਇਹੋ ਜਿਹੀ ਧੁਨੀ ਸੁਣਾਈ ਦਿੰਦੀ ਸੀ।

ਗੁਰਿ ਅੰਮ੍ਰਿਤ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ॥
(ਬਿਹਾਗੜਾ ਮਹਲਾ ੪-੫੩੯)

ਇਸ ਦੁਰਲਭ ਘਟਨਾ ਨੂੰ ਸੰਖੇਪ ਵਿਚ ਦ੍ਰਿਸਟਾਉਣ ਦਾ ਭਾਵ ਇਹ ਹੈ ਕਿ ਖਾਲਸੇ ਦੀ ਸਿਰਜਣਾ ਅਤਿਅੰਤ ਜ਼ੁਲਮ ਸਿਤਮ ਬੇਇਨਸਾਫੀ, ਭੈਭੀਤ ਤੇ ਹਕੂਮਤ ਦੀ ਧਾਰਮਕ ਕੱਟੜਤਾ ਦੇ ਮਾਹੌਲ ਵਿੱਚ ਹੋਈ ਹੈ ਜਿਸ ਵਿੱਚ ਗੁਰਸਿੱਖਾਂ ਵਲੋਂ ਆਤਮ-ਸਮਰਪਨ, ਕੁਰਬਾਨੀ, ਖੰਡੇ ਦੀ ਧਾਰ ਤੇ ਦ੍ਰਿੜ੍ਹਤਾ, ਚੜ੍ਹਦੀ ਕਲਾ ਤੇ ਨਿਰਭੈਤਾ ਆਦਿ ਦੀ ਰੰਗਣ ਵੀ ਸ਼ਾਮਲ ਹੈ।

ਖਾਲਸੇ ਨੂੰ ਜਿਹੜੀ ਗੁੜ੍ਹਤੀ ਮਿਲੀ, ਉਸ ਦੇ ਰੰਗ, ਰੂਪ ਤੇ ਸੁਆਦ ਦੀ ਮਹਿਮਾ ਕਥਨ ਤੋਂ ਬਾਹਰ ਹੈ। ਇਸ ਅੰਮ੍ਰਿਤ ਵਿੱਚ, ਗੈਰਤ ਭਰਿਆ ਅਮਰ ਜੀਵਨ ਦੇਣ ਦੀ ਪੂਰਨ ਸਮਰੱਥਾ ਹੈ। ਇਸ ਤੋਂ ਪ੍ਰਾਪਤ ਹੋਈ ਫੌਲਾਦੀ ਸ਼ਕਤੀ, ਨਾਮ ਮਿਠਾਸ ਤੇ ਨਾਮ ਸੁਗੰਧ ਦੇ ਅਨੂਠੇ ਸੁਆਦ ਨੂੰ ਚੱਖਣ ਵਾਲਾ ਹੀ ਜਾਣਦਾ ਹੈ, ਹੋਰ ਕੋਈ ਨਹੀਂ। ਜਿਸ ਨੇ ਅੰਮ੍ਰਿਤ ਦਾ ਸੁਆਦ ਨਹੀਂ ਮਾਣਿਆਂ, ਉਸਦੀਆਂ ਫੜ ਮਾਰਨ ਦੀਆਂ ਗੱਲਾਂ ਝੱਖ ਮਾਰਨ ਦੇ ਬਰਾਬਰ ਹਨ।

ਦੁਸਟ ਦਮਨ ਨੇ ਖਾਲਸਾ ਰਚਾਉਣ ਤੇ ਬਾਦਸ਼ਾਹਾਂ ਦੇ ਜ਼ੁਲਮੀ ਵੇਗ ਤੋਂ ਬਚਾਉਣ ਦਾ ਬਚਨ ਲਿਆ ਸੀ। ਕਈ ਭੁੱਲੜ ਤੇ ਅਗਿਆਨੀ ਪੁਰਸ਼ ਦਸਮੇਸ਼ ਪਿਤਾ ਦੇ ਪੰਥ ਤੇ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਅਲੱਗ ਅਲੱਗ ਸਮਝਦੇ ਹਨ। ਵਾਸਤਵ ਵਿਚ ਨਾਮ ਕਰਕੇ ਵੀ ਤੇ ਗੁਣਾਂ ਕਰਕੇ ਵੀ ਇਨ੍ਹਾਂ ਦੀ ਸਮਾਨਤਾ ਵੀਹ ਵਿਸਵੇ ਹੈ। ਭਾਈ ਗੁਰਦਾਸ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਮਾਰਗ ਨੂੰ ਨਿਰਮਲ ਪੰਥ ਆਖਿਆ ਹੈ, ਨਾਨਕਿ ਨਿਰਮਲ ਪੰਥ ਚਲਾਇਆ''। ਦਸਮੇਸ਼ ਪਿਤਾ ਨੇ ਇਸ ਨੂੰ ਖਾਲ਼ਸਾ ਪੰਥ ਆਖਿਆ ਤੇ ਸਦੀਵੀ ਕਾਲ ਲਈ ਇਸ ਨਾਮ ਦੁਆਰਾ ਪ੍ਰਚੱਲਤ ਕੀਤਾ। ਖਾਲਸਾ ਦਾ ਅਰਥ ਬਾਦਸ਼ਾਹ ਦੀ ਨਿੱਜੀ ਜਾਇਦਾਦ, ਮੁਲਕ ਜਾਂ ਜਮੀਨ ਹੈ ਜਿਥੇ ਕਿਸੇ ਜਾਗੀਰ ਦਾ ਕੋਈ ਹੱਕ ਨਹੀਂ। ਇਉਂ ਖਾਲਸੇ ਦਾ ਸੰਬੰਧ ਸਿੱਧਾ ਸ਼ਾਹਾਂ ਦੇ ਸ਼ਾਹ ਅਕਾਲ ਪੁਰਖ ਨਾਲ ਹੈ। ਭਗਤ ਕਬੀਰ ਜੀ ਨੇ ਉਸ ਨੂੰ ਖਾਲਸਾ ਆਖਿਆ ਹੈ, ਜਿਹੜਾ ਕੇਵਲ ਪ੍ਰੇਮਾ ਭਗਤੀ ਦਾ ਧਾਰਨੀ ਹੋਵੇ ਤੇ ਹੋਰ ਕਰਮ ਧਰਮ ਤੋਂ ਨਿਰਲੇਪ ਹੋਵੇ।

ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ॥
(ਸੋਰਠਿ ਕਬੀਰ- ੬੫੫)

'ਭਗਤਿ ਨਵੈ ਪਰਕਾਰਾ' ਵਿਚੋਂ ਪ੍ਰੇਮਾ ਭਗਤੀ ਸਭ ਤੋਂ ਉੱਤਮ ਤੇ ਸ੍ਰੇਸਟ ਹੈ। ਤੱਤ ਸਾਰ ਇਹ ਹੈ ਕਿ ਦੋਨੋ ਅਰਥ ਮਿਲਦੇ ਜੁਲਦੇ ਹਨ ਤੇ ਕਲਗੀਧਰ ਦੇ ਖਾਲਸੇ ਤੇ ਦੋਨੋ ਅਰਥ ਪੂਰਨ ਰੂਪ ਵਿੱਚ ਲਾਗੂ ਹੁੰਦੇ ਹਨ।

ਰਚਨਹਾਰ ਕਰਤਾਰ ਨੇ ਮਨੁੱਖ ਜਾਮੇ ਤੇ ਇਸਤ੍ਰੀ ਜਾਮੇ ਦੀ ਭਿੰਨਤਾ ਕਿਸੇ ਖਾਸ ਮੰਤਵ ਜਾ ਪਛਾਣ ਲਈ ਜਨਮ ਤੋਂ ਹੀ ਕੀਤੀ ਹੈ। ਸਿਰ ਦੇ ਬਾਲਾਂ ਦੀ ਮਹਾਨਤਾ ਚਾਹੇ ਕਿਸੇ ਹਿਰਦੇ ਵਿੱਚ ਦ੍ਰਿੜ੍ਹ ਹੈ ਜਾਂ ਨਹੀਂ, ਪਰ ਇਸ ਦਾ ਸਰੀਰਕ ਅਰੋਗਤਾ, ਮਾਨਸਕ ਸਥਿਰਤਾ ਤੇ ਅਧਿਆਤਮਕ ਸ਼ਕਤੀ ਨਾਲ ਡੂੰਘਾ ਸੰਬੰਧ ਹੈ। ਦਾੜ੍ਹੀ ਤੇ ਮੁੱਛਾਂ ਕਰਕੇ ਪੁਰਸ਼ ਜਾਂ ਇਸਤ੍ਰੀ ਦਾ ਨਿਰਣਾ ਰਿਹਾ ਹੈ। ਉਂਜ ਤਾਂ ਜਿੰਨੇ ਭੀ ਧਾਰਮਕ ਆਗੂ ਹੋਏ ਹਨ, ਉਨ੍ਹਾਂ ਨੇ ਕੇਸਾਂ ਤੇ ਬਾਲਾਂ ਦੀ ਪਵਿੱਤਰਤਾ ਤੇ ਮਹਾਨਤਾ ਨੂੰ ਸਮਝਿਆ ਹੈ ਤੇ ਵਿਸ਼ੇਸ਼ ਤੌਂਟ ਤੇ ਦਾੜ੍ਹੀ ਨੂੰ ਬਜ਼ੁਰਗੀ ਤੇ ਮੁੱਛਾਂ ਨੂੰ ਮਰਦਾਨਗੀ ਨਾਲ ਜੋੜ ਕੇ ਹੀ ਵਡਿਆਇਆ ਹੈ। ਪਤਾ ਨਹੀਂ ਦੁਰਮਤਿ ਦੀ ਕਿਹੜੀ ਅੰਧੇਰੀ ਚੱਲੀ ਕਿ ਸਾਬਤਿ ਸੂਰਤਿ ਰੱਬ ਦੀ ਭੰਨੇ ਬੇਇਮਾਨ ਵਾਲੀ ਕੁਰੀਤੀ ਪ੍ਰਚੱਲਤ ਹੋ ਗਈ, ਤੇ ਸਾਰੀ ਲੋਕਾਈ ਨੇ ਮਰਦ ਦੇ ਚਿਨ੍ਹਾਂ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ। ਪਰ ਇਹ ਗੱਲ ਸਮਝ ਵਿਚ ਨਹੀਂ ਆ ਰਹੀ ਕਿ ਜਿਹਨਾਂ ਪੁਰਸ਼ਾਂ ਨੇ ਆਪਣੇ ਇਸ਼ਟ ਦੇ ਸਰੂਪ ਨੂੰ ਨਹੀਂ ਧਾਰਿਆ, ਉਹ ਸਹੀ ਮਾਅਨਿਆਂ ਵਿੱਚ ਆਪਣੇ ਇਸ਼ਟ ਦੇ ਸਰੂਪ ਦਾ ਸਤਿਕਾਰ ਕਰਦੇ ਹਨ ਜਾਂ ਨਹੀਂ। ਖੈਰ ਦਲੀਲ ਦਾ ਇੱਕ ਹੋਰ ਪੱਖ ਵੀ ਵਿਚਾਰਨ ਵਾਲਾ ਹੈ।

ਪਾਰਸ ਵਿੱਚ ਐਸਾ ਕੁਦਰਤੀ ਗੁਣ ਹੈ ਕਿ ਉਹ ਜਿਸ


www.AKJ.Org

ਧਾਤੂ ਨੂੰ ਸਪਰਸ਼ ਕਰਦਾ ਹੈ, ਕੰਚਨ ਬਣਾ ਦਿੰਦਾ ਹੈ। ਮੁੱਖ ਤੌਰ ਤੇ ਜਿੰਨੇ ਵੀ ਧਾਰਮਕ ਆਗੂ ਸੰਸਾਰ ਵਿਚ ਆਏ, ਉਨਾਂ ਨੇ ਆਪਣੇ ਖਾਸ ਸੇਵਕਾਂ ਜਾਂ ਨਿਕਟਵਰਤੀਆਂ ਨੂੰ ਕੰਚਨ ਬਣਾਇਆ, ਆਪਣੇ ਵਰਗਾ ਪਾਰਸ ਨਹੀਂ । ਐਸਾ ਕਿਉਂ ਨਹੀਂ ਕੀਤਾ, ਐਸਾ ਕਿਉਂ ਨਹੀਂ ਹੋਇਆ, ਦੋਹਾਂ ਅੱਲਗ ਅਲੱਗ ਪ੍ਰਸ਼ਨਾਂ ਵਲ ਪਹਿਲਾਂ ਬੇਸ਼ਕ ਕਿਸੇ ਨੇ ਧਿਆਨ ਨਹੀਂ ਦਿੱਤਾ ਪਰ ਗੁਰਮਤਿ ਨੇ ਇਸ ਨੂੰ ਸਮਝਿਆ ਸੋਚਿਆ ਦ੍ਰਿੜਾਇਆ ਤੇ ਕਮਾਇਆ ਹੈ, ਨਜ਼ਰਅੰਦਾਜ਼ ਨਹੀਂ ਕੀਤਾ। ਇਸ ਦਾ ਮੁੱਖ ਕਾਰਣ, ਧਾਰਮਕ ਆਗੂ ਦੀ ਇੱਛਾਂ ਨ ਹੋਣਾ ਜਾਂ ਅਸਮਰਥਾ ਹੈ। ਗੁਰੂ ਨਾਨਕ ਘਰ ਵਿੱਚ ਇੱਛਾ ਵੀ ਸੀ, ਸਮਰਥਾ ਵੀ। ਗੁਰਫੁਰਮਾਨ ਹੈ।

**ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥**
**ਗੁਰਦੇਵ ਸਾਂਤਿ ਸਾਂਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸਪਰਾ॥**
(ਗਉੜੀ ਬਾਵਨ ਅਖਰੀ ਮਹਲਾ ੫-੨੫੦)

ਇਸ ਸਲੋਕ ਵਿੱਚ ਪੰਚਮ ਪਾਤਸ਼ਾਹ ਨੇ ਸਤਿਗੁਰੂ ਦੇ ਅਨੇਕ ਰੱਬੀ ਗੁਣਾਂ ਦਾ ਚਿਤ੍ਰ ਖਿਚਿਆ ਹੈ, ਪਰ ਖਾਸ ਤੌਰ ਤੇ ਅਨੂਪਮ ਸਪਰਸ਼ ਕਲਾ ਵਲ ਸਾਡਾ ਧਿਆਨ ਖਿੱਚਿਆ ਹੈ। ਪਾਰਸ ਰੂਪ ਸੱਚੇ ਗੁਰ ਦੀ ਛੁਹ ਸਾਧਾਰਨ ਪਾਰਸ ਤੀ ਛੁਹ ਤੋਂ ਬਹੁਤ ਉੱਚੀ ਤੇ ਸੁੱਚੀ ਹੈ। ਦੂਸਰੇ ਪਾਰਸ ਲੋਹੇ ਨੂੰ ਕੰਚਨ ਬਣਾਉਂਦੇ ਹੋਣਗੇ ਪਰ ਗੁਰਦੇਵ ਪਾਰਸ ਪਰਸਪਰਾ ਹਨ, ਜਿਹੜੇ ਆਪਣੀ ਸਪਰਸ਼ ਦੁਆਰਾ ਲੋਹੇ ਨੂੰ ਪਾਰਸ ਬਣਾਉਣ ਦੀ ਸ਼ਕਤੀ ਦੇ ਮਾਲਕ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਪਾਰਸ ਬਣਾ ਕੇ ਗੁਰੂ ਅੰਗਦ ਦੇਵ ਜੀ ਦੇ ਨਾਉ ਨਾਲ ਥਾਪਿਆ। ਇਉਂ ਦਸਵੇਂ ਨਾਨਕ ਤੱਕ ਸਰਗੁਣ ਸਰੂਪ ਦੀ ਪੂਜਾ ਹੁੰਦੀ ਆਈ। ਜੋਤਿ ਇਕੋ ਸੀ, ਕੇਵਲ ਕਾਇਆ ਪਲਟਦੀ ਰਹੀ।

ਅਕਾਲ ਪੁਰਖ ਦੇ ਅਗਿਆਕਾਰੀ ਸਪੂਤ, ਸਾਹਿਬ ਦਿਮਾਗ, ਹੁਸਨਲ ਚਰਾਗ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਅਨੁਸਾਰ ਇੱਛਾ ਤੇ ਸਮਰਥਾ ਵਿੱਚ ਐਸਾ ਨਾਯਾਬ, ਕੀਮਤੀ ਅੰਸ਼ ਭਰਿਆ ਜਿਸ ਨੇ ਖਾਲਸੇ ਨੂੰ ਅਕਾਲ ਪੁਰਖ ਵਰਗਾ ਤੇ ਆਪਣੇ ਵਰਗਾ ਕਾਮਲ ਪਾਰਸ ਬਣਾਇਆ। ਇਹ ਵਡਮੁੱਲਾ ਹੀਰਾ ਸੀ, ਹੁਣ ਵੀ ਹੈ, ਤੇ ਭਵਿੱਖ ਵਿਚ ਸਦਾ ਹੀ ਰਹੇਗਾ। ਇਹ ਸਬਦ ਗੁਰੂ ਨੂੰ ਗੁਰਤਾ ਗੱਦੀ ਦੇਣ ਦਾ ਫੁਰਮਾਨ ਸੀ। ਗੁਰੂ ਘਰ ਦੇ ਪ੍ਰੇਮੀ ਭਲੀ ਭਾਂਤ ਜਾਣਦੇ ਹਨ ਕਿ ਸਬਦ ਗੁਰੂ ਦੀ ਵਡਿਆਈ ਤੇ ਮਹਿਮਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋਣੀ ਸ਼ੁਰੂ ਹੋ ਗਈ ਸੀ। ਦਸਮੇਸ਼ ਪਿਤਾ ਨੇ ਢੁੱਕਵਾਂ ਸਮਾਂ ਆਉਣ ਤੇ ਇਸ ਨੂੰ ਅਮਲੀ ਰੂਪ ਦਿੱਤਾ ਤੇ ਭਵਿੱਖ ਵਿੱਚ ਸਰੀਰਕ ਤੌਰ ਤੇ ਗੁਰਤਾ ਗੱਦੀ ਦਾ ਸਿਲਸਿਲਾ ਸਦਾ ਲਈ ਬੰਦ ਕਰ ਦਿੱਤਾ।

ਦਸਮੇਸ਼ ਪਿਤਾ ਨੇ ਦੇਹ ਧਾਰੀ ਗੁਰੂਆਂ ਤੋਂ ਸਾਵਧਾਨ ਰਖੱਣ ਲਈ ਤੇ ਖਾਲਸਾ ਪੰਥ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖਾਲਸੇ ਵਿੱਚ, ਆਪਣਾ ਗਿਆਨ ਧਿਆਨ, ਸੱਤਾ ਸਰੂਪ ਅਭੇਦ ਕੀਤਾ ਤੇ ਨਾਮ ਰਸੀਏ ਪੰਜ ਗੁਰਸਿੱਖਾਂ ਨੂੰ ਪੰਜਾਂ ਪਿਆਰਿਆਂ ਦਾ ਰੁਤਬਾ ਦੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਗੁਰ ਮੰਤਰ ਦੇਣ ਦਾ ਅਧਿਕਾਰ ਬਖਸ਼ਿਆ।

ਖਾਲਸੇ ਨੂੰ ਆਪਣਾ ਆਦਰਸ਼ ਜਿੰਦ ਜਾਨ ਤੋਂ ਪਿਆਰਾ ਹੈ। ਇਸ ਉੱਤੇ ਦੋਨਾਂ ਵਰਗਾਂ ਦੇ ਸ਼ਤ੍ਰੂਆਂ ਦਾ ਟਾਕਰਾ ਕਰਨ ਦੀ ਜ਼ੁਮੇਵਾਰੀ ਹੈ। ਇਕ ਪਾਸੇ ਮਜ਼ਲੂਮਾਂ ਤੇ ਦੀਨਾਂ ਦੇ ਰੱਖਿਆ ਕਰਨ ਲਈ ਆਪਣੇ ਸਰੀਰ ਨੂੰ ਅਰੋਗ ਤੇ ਬਲਵਾਨ ਰੱਖਣ ਦੀ ਲੋੜ ਹੈ, ਦੂਜੇ ਪਾਸੇ ਅੰਦਰਲੇ ਵੈਰੀਆਂ ਦੇ ਵਿਨਾਸ ਲਈ ਦੈਵੀ ਗੁਣਾਂ ਦੇ ਹਥਿਆਰਾਂ ਨਾਲ ਤੱਤਪਰ ਰਹਿਣਾ ਅਤੀ ਜ਼ਰੂਰੀ ਹੈ। ਖਾਲਸਾ ਦਾਤਾ ਹੈ, ਭਿਖਾਰੀ ਨਹੀਂ, ਹੱਥ ਉਲਟਾ ਕਰਕੇ ਦਿੰਦਾ ਹੈ, ਸਿੱਧਾ ਕਰਕੇ ਮੰਗਦਾ ਨਹੀਂ। ਮਿਹਨਤੀ ਤੇ ਘਾਲ ਕਮਾਈ ਕਰਨ ਵਾਲਾ ਹੈ, ਵਿਹਲੜ ਤੇ ਮਖੁੱਟ ਨਹੀਂ। ਸਤਿਗੁਰੂ ਦਾ ਫੁਰਮਾਨ ਹੈ।

"ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥
(ਵਾਰ ਸਾਰੰਗ-੧੨੪੫)

ਨਿਰਸੰਦੇਹ ਦੈਵੀ ਗੁਣਾਂ ਦੇ ਸੁਜੋੜ ਨੇ ਖਾਲਸੇ ਦੀ ਅਮਰ ਹਸਤੀ ਨੂੰ ਅਲੌਕਿਕ ਰੂਪ ਵਿਚ ਦਰਸਾਇਆ ਹੈ। ਗ੍ਰਹਿਸਤ ਤੇ ਉਦਾਸ ਦਾ, ਖਟਾਸ ਤੇ ਮਿਠਾਸ ਦਾ, ਕੰਡੇ ਤੇ ਖੁਸਬੂ ਦਾ, ਸ਼ਾਸਤਰ ਤੇ ਸਸ਼ਤਰ ਦਾ, ਮਰਹੱਮ ਤੇ ਨਸ਼ਤਰ ਦਾ, ਨਿਮਰਤਾ ਤੇ ਅਣਖ ਦਾ, ਮਸਤੀ ਤੇ ਹੋਸ਼ ਦਾ, ਆਦਿ, ਬਹੁੱਪਖੀ ਗੁਣਾਂ ਦਾ ਸੰਗਮ ਕਲਾਮਈ ਜੁਗਤੀ ਸਹਿਤ, ਖਾਲਸੇ ਦੇ ਰਿਦੇ ਵਿਚ ਤਾਣੇ ਪੇਟੇ ਵਾਂਗਰ ਸਮਾਇਆ ਹੋਇਆ ਹੈ।

ਖਾਲਸੇ ਦੇ ਨਿੱਜੀ ਤੇ ਸਮਾਜਕ ਜੀਵਨ ਵਿੱਚ ਢਹਿੰਦੀ ਕਲਾ ਤੇ ਮਾਯੂਸੀ ਕਾ ਕੋਈ ਅਸਥਾਨ ਨਹੀਂ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਦ, ਕਹਿਰਦੀ ਭੀੜ ਪਈ, ਤੇ ਖਾਲਸੇ ਨੂੰ ਘਰਬਾਰ ਛੱਡ ਕੇ ਜੰਗਲਾਂ, ਬੇਲਿਆਂ ਵਿੱਚ ਨਿਵਾਸ ਕਰਨਾ ਪਿਆ। ਉਸ ਵੇਲੇ ਖਾਲਸੇ ਨੇ ਛੋਲਿਆਂ ਨੂੰ ਬਦਾਮ ਆਖ ਕੇ, ਟੁੱਟੀ ਹੋਈ ਛੰਨ ਨੂੰ ਸ਼ੀਸ਼ ਮਹਿਲ ਆਖ ਕੇ, ਬਾਸੀ ਰੋਟੀ ਨੂੰ ਮਿੱਠਾ ਪਰਸ਼ਾਦਾ ਕਹਿ ਕੇ ਤੇ ਪਿਉਂਦੀ ਬੇਰ ਨੂੰ ਸੇਬ ਆਖ ਕੇ ਭਾਣਾ ਮਿੱਠਾ ਮੰਨਣ ਤੇ ਚੜ੍ਹਦੀ ਕਲਾ ਦਾ ਸਬੂਤ ਦਿੱਤਾ। ਏਨੀਆਂ ਮੁਸੀਬਤਾਂ ਤੇ ਔਕੜਾਂ ਵਿਚ 'ਰਾਜੇ ਕਰੇਗਾ ਖਾਲਸਾ' ਦਾ ਨਾਅਰਾ ਬੁਲੰਦ ਕਰਨਾ

ਖਾਲਸੇ ਦੇ ਅਥਾਹ ਵਿਸ਼ਵਾਸ਼ ਤੇ ਭਰੋਸੇ ਦੀ ਮੂੰਹ ਬੋਲਦੀ ਤਸਵੀਰ ਹੈ।

ਦਸਮੇਸ਼ ਪਿਤਾ ਨੇ ਅਧਿਆਤਮਕ ਖੇਤਰ ਵਿੱਚ ਜਿਹੜਾ ਅਲੇਖ ਬੀਜ.ਬੀਜ ਕੇ ਸਦਾ ਬਹਾਰ, ਨਵਰੰਗੇ ਬੂਟੇ ਨੂੰ ਸਿੱਖੀ ਦੀ ਫੁਲਵਾੜੀ ਵਿੱਚ ਪਰਫੁੱਲਤ ਕੀਤਾ ਹੈ, ਉਸ ਦੀ ਜੜ੍ਹਾਂ ਪਤਾਲ ਨੂੰ ਛੂੰਹਦੀਆਂ ਹਨ, ਉਸ ਦੀ ਟਹਿਣੀਆਂ, ਬੇਸ਼ਕ ਸ੍ਵੈਰੱਖਿਆ ਲਈ ਹਨ, ਜ਼ਾਲਮਾਂ ਨੂੰ ਸੋਧਣ ਲਈ ਪੂਰਨ ਸਮਰਥਾ ਵਾਲੀਆਂ ਹਨ। ਇਸ ਦੀ ਸੁੰਦਰਤਾ, ਨਿਰਮਲ, ਸੁੱਧ ਤੇ ਨਿਹਕਲੰਕ ਹੈ ਤੇ ਸੁਗੰਧੀ ਵਿਚ ਬੇਗਾਨੇ ਨੂੰ ਆਪਣਾ ਬਣਾਉਣ ਤੇ ਦੂਰ ਤਕ ਪਸਰੇ ਚੌਗਿਰਦੇ ਨੂੰ ਬੋਹਤ ਕਰਨ ਦਾ ਗੁਣ ਹੈ। ਇੱਕ ਨਹੀਂ, ਕਈ ਦੈਵੀ ਗੁਣ.ਖਾਲਸੇ ਦੀ ਹਸਤੀ ਵਿਚ ਵਿਆਪਕ ਹਨ।

ਖਾਲਸੇ ਦੀ ਧਾਰਮਕ ਬਿਰਤੀ ਵਿੱਚ ਭਰਮ ਭੁਲੇਖਾ, ਅੰਧ ਵਿਸ਼ਵਾਸ਼, ਭਟਕਣ ਤੇ ਡੋਲਣ ਦਾ ਬਿਲਕੁਲ ਅਭਾਵ ਹੈ। ਜਾਗਤ ਜੋਤਿ ਦਾ ਪੁਜਾਰੀ ਹੋਣ ਕਰਕੇ ਕਬਰਾਂ, ਮੜ੍ਹੀਆਂ ਤੇ ਮੱਟਾ ਵਲ ਝਾਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਸ ਦੇ ਹਿਰਦੇ ਵਿੱਚ ਪਰਮ ਪੂਰਨ ਜਾਗਦੀ ਜੋਤਿ ਦਾ ਪ੍ਰਕਾਸ਼ ਜਗਮਗਾ ਰਿਹਾ ਹੈ, ਇਸ ਕਰਕੇ ਖਾਲਸੇ ਨੂੰ ਨਿਰੋਲ, ਸੁੱਧ, ਨਿਰਮਲ ਤੇ ਖਾਲਸਾ, ਅੰਤਰ ਆਤਮਾ ਦੇ ਗੁਣਾਂ ਦਾ ਸਹੀ ਪ੍ਰਗਟਾਵਾ ਹੈ।

ਜਾਗਤ ਜੋਤਿ ਜਪੈ ਨਿਸ ਬਾਸਰ
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸਾ ਤਾਹਿ ਨ ਖਾਲਸ ਜਾਨੈ॥

ਜਿਵੇਂ ਸਾਧਾਰਨ ਬੋਲ ਚਾਲ ਵਿੱਚ ਤੇ ਭਗਤ ਕਬੀਰ ਦੇ ਸ਼ਬਦ -

ਓਡਹੁ ਨ ਕਾਗਾ ਕਾਰੇ॥
ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥
(੩੩੭-੩੮)

ਵਿੱਚ ਨ ਦੇ ਅਰਥ ਅਲੋਪ ਹਨ, ਤਿਵੇਂ ਇਥੇ ਵੀ ਨ ਦੇ ਅਰਥ ਅਲੋਪ ਹਨ ਤੇ ਇਹ ਸਬਦ 'ਖਾਲਸ' ਤੋਂ ਅਲੱਗ ਹੈ।

ਦਸਮੇਸ਼ ਪਿਤਾ ਦਾ ਸਿਰਜਿਆ ਖਾਲਸਾ, ਪ੍ਰੇਮਾ ਮਾਰਗ ਦਾ ਪੰਧਾਊ, ਤੇ ਵਹਦੀਅਤ ਦਾ ਉਪਾਸ਼ਕ, ਦਸਮੇਸ਼ ਪਿਤਾ ਦਾ ਖਾਸਉਲ ਖਾਸ ਸਰੂਪ ਹੈ। ਗੁਰਦੇਵ ਜੀ ਦੇ ਬਚਨਾਂ ਅਨੁਸਾਰ ਇਹ ਪਿੰਡ, ਪਰਾਨ ਤੇ ਜਾਨ ਦੀ ਜਾਨ ਹੈ, ਬੁੱਧ ਗਿਆਨ ਤੇ ਕਰਮ ਧਰਮ ਧਿਆਨ ਹੈ, ਜਿਸ ਦੀ ਉਪਮਾ ਕਰਦੀਆਂ ਹਜ਼ਾਰਾਂ ਜ਼ਬਾਨਾਂ ਭੀ ਥੱਕ ਜਾਂਦੀਆਂ ਹਨ। ਆਪ ਜੀ ਨੇ ਖਾਲਸੇ ਦੀ ਏਨੀ ਉਸਤਤਿ ਕੀਤੀ ਕਿ ਸਾਇਦ ਕਿਸੇ ਨੂੰ ਅੱਤਕਥਨੀ ਜਾਪੀ ਹੋਵੇ। ਆਪਣੀ ਕਥਨੀ ਦੀ ਸਚਾਈ ਦਰਸਾਉਣ ਲਈ ਪਾਰਬ੍ਰਹਮ, ਗੁਰੂ ਨਾਨਕ ਜੀ ਨੂੰ ਸਾਖੀ ਬਣਾਇਆ।

ਯਾਂ ਮੈਂ ਰੰਚ ਨ ਮਿਥਿਆ ਭਾਖੀ॥
ਪਾਰਬ੍ਰਹਮ ਗੁਰ ਨਾਨਕ ਸਾਖੀ॥
(ਸਰਬ ਲੋਹ ਗ੍ਰੰਥ)

ਇਹ ਦਸਮੇਸ਼ ਪਿਤਾ ਦੇ ਮਾਣ, ਤਾਣ, ਪਿਆਰ, ਸਤਿਕਾਰ ਦਾ ਅਕਸ ਹੈ, ਅਪਣੱਤ, ਹਕੀਕਤ ਤੇ ਅਭੇਦਤਾ ਦਾ ਸਿਖਰ ਹੈ। ਗੁਰਦੇਵ ਜੀ ਨੇ ਫੁਰਮਾਇਆ ਕਿ ਜੇ ਕੋਈ ਮੇਰਾ ਸੂਰਮਾ ਮਿੱਤਰ ਹੈ ਤਾਂ ਉਹ ਖਾਲਸਾ ਹੈ, ਜੇ ਕੋਈ ਮੇਰਾ ਪੂਰਨ ਸਤਿਗੁਰੂ ਹੈ, ਉਹ ਖਾਲਸਾ ਹੈ, ਮੈਂ ਖਾਲਸੇ ਦਾਂ ਹਾਂ, ਤੇ ਖਾਲਸਾ ਮੇਰਾ ਹੈ।

ਆਪ ਜੀ ਦੀ ਦੇਸ਼ ਭਗਤੀ, ਸ੍ਵੈਸੁਤੰਤਰਤਾ ਦੀ ਪ੍ਰਬਲ ਭਾਵਨਾ ਦੇ ਕੁਰਬਾਨੀ ਨੇ ਸਮਾਜ ਦੇ ਲਿਤਾੜੇ ਹੋਏ ਵਰਗ ਵਿੱਚ ਇੱਕ ਨਵੀਂ ਰੂਹ ਫੂਕੀ। ਆਪਣਾ ਪਰਵਾਰ, ਆਪਣਾ ਸਰੀਰਕ ਵਜੂਦ, ਧਰਮ ਤੇ ਦੇਸ਼ ਦੇ ਹਿੱਤ ਲਈ ਖਿੜੇ ਮੱਥੇ ਅਰਪਨ ਕੀਤਾ। ਪਾਣੀ, ਭਾਪ ਦੇ ਬਰਫ ਦੀ ਇਕਮਿਕਤਾ ਜੱਗ ਵਿਚ ਰੌਸ਼ਨ ਹੋ ਗਈ। ਆਪਣੀ ਸੱਤਾ ਤੇ ਹਸਤੀ ਖਾਲਸੇ ਵਿਚ ਲੀਨ ਹੋ ਗਈ ਤੇ ਦੈਵੀ ਜੋਤਿ ਦਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੋਤਿ ਨਾਲ ਅਭੇਦ ਹੋ ਗਿਆ। ਇਨ੍ਹਾਂ ਤਿੰਨਾਂ ਅੱਲਗ ਅਲੱਗ ਭਾਸਦੀਆਂ ਹਸਤੀਆਂ ਦੀ ਲੀਨਤਾ, ਗੰਗਾ, ਜਮਨਾ ਸੁਰਸਵਤੀ ਤੇ ਸੰਗਮ ਵਾਂਗਰ ਰੂਪਮਾਨ ਹੋ ਗਈ।

ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥
ਪ੍ਰਭਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥
(ਸਰਬ ਲੋਹ ਗ੍ਰੰਥ)

ਖਾਲਸਾ ਉਸਤਤਿ ਦਾ ਮੁਹਤਾਜ ਨਹੀਂ, ਅਧਿਕਾਰੀ ਹੈ, ਇਸ ਦੀ ਜਿੰਨੀ ਵੀ ਸਾਲਾਹੁਣਾ ਹੋਵੇ, ਥੋੜੀ ਹੈ, ਹਜ਼ੂਰ ਨੇ ਖਾਲਸੇ ਨੂੰ ਯੋਗ ਮਾਣ ਤੇ ਵਡਿਆਈ ਦਿੱਤੀ, ਚਾਪਲੂਸੀ ਨਹੀਂ ਕੀਤੀ। ਪਰ ਜਿੱਥੇ ਏਨੀ ਬਖਸ਼ਸ਼ ਕੀਤੀ।

ਉੱਥੇ ਖਾਲਸੇ ਨੂੰ ਜ਼ੁਮੇਵਾਰੀ ਦਾ ਅਹਿਸਾਸ ਭੀ ਦਿਲਵਾਇਆ ਹੈ। ਏਥੇ ਗੁਰਦੇਵ ਜੀ ਨੇ ਸਖਤ ਅਨੁਸ਼ਾਸਕ ਰਵਈਆਂ ਅਪਨਾਇਆ ਤੇ ਖਾਲਸੇ ਨੂੰ ਕਰੜੇ ਸ਼ਬਦਾਂ ਦੁਆਰਾ ਸਾਵਧਾਨ ਕੀਤਾ ਕਿ ਜਦ ਤਕ ਖਾਲਸਾ ਆਪਣੇ ਨਿਆਰੇ ਪਨ ਨੂੰ ਕਾਇਮ ਰੱਖੇਗਾ, ਮੇਰੇ ਵਲੋਂ ਸਾਰਾ ਤੇਜ ਪਰਤਾਪ

(ਬਾਕੀ ਪੰਨਾ ੪੦ ਤੇ ..)



www.AKJ.Org

# ਰਹਿਤ ਰਹਿਣੀ ਦੀ ਲੋੜ

ਵਲੋਂ ਸ: ਅਮਰਜੀਤ ਸਿੰਘ ਹੀ, ਖਾਂਬੜਾ (ਜ਼ਿਲਾ ਜਲੰਧਰ)

ਇਕ ਬੜੇ ਗੁਰਮੁਖ ਪਿਆਰੇ, ਨਾਮ ਅਭਿਆਸੀ, ਗੁਰੂ ਸਵਾਰੇ ਭਾਈ ਸਾਹਿਬ ਜੀ ਨਾਲ ਮੁਲਾਕਾਤ ਹੋਈ। ਬੈਠਿਆਂ ਬੈਠਿਆਂ ਗੱਲਾਂ ਕੇਸਕੀ ਦੀਆਂ ਤੁਰ ਪਈਆਂ। ਕਹਿਣ ਲਗੇ, ਕੇਸਕੀ ਪੰਜਵਾਂ ਕਕਾਰ ਨਹੀਂ, ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਐਵੇਂ ਤੋਰ ਲਿਆ ਨਾਲ। ਦਾਸ ਇਸ ਗੱਲ ਦੇ ਹਕ ਵਿਚ ਨਹੀਂ ਸੀ ਕਿ ਕੇਸਕੀ ਕਕਾਰ ਭਾਈ ਸਾਹਿਬ ਨੇ ਸ਼ੁਰੂ ਕੀਤਾ। ਦਾਸ ਨੇ ਕਿਹਾ ਕਨਿੰਘਮ ਤਾਂ ਭਾਈ ਸਾਹਿਬ ਜੀ ਨਾਲੋਂ ਪਹਿਲਾਂ ਦਾ ਲਿਖ ਗਿਆ।

ਸੁਣਿਆ ਤਾਂ ਸੀ ਕਿ ਪਹਿਲਾਂ ਸਾਰੇ ਕੇਸਕੀ ਸਜਾਉਂਦੇ ਸਨ। ਅਕਾਲ ਤਖ਼ਤ ਸਾਹਿਬ ਤੇ ਵੀ ਕੇਸਕੀ ਸਜਾਈ ਜਾਂਦੀ ਰਹੀ ਹੈ; ਪਰ ਮੈਂ ਹੁਣ ਪ੍ਰਤਖ ਦੇਖ ਲਿਆ ਤੇ ਲਿਖ ਰਿਹਾ ਹਾਂ ਕਿ ਪਹਿਲਾਂ ਹੋਰ ਜਥੇ ਕੇਸਕੀ ਵੀ ਸਜਾਉਂਦੇ ਸਨ। ਸਾਡੇ ਪਿੰਡ ਇਕ ਮਾਤਾ ਜੀ ਹਨ, ਉਹਨਾਂ ਦਸਿਆ ਕਿ ਜਦੋ ਜੈਤੋ ਦਾ ਮੋਰਚਾ ਲਗਾ, ਅਨੰਦਪੁਰ ਸਾਹਿਬ ਤੋਂ ਜਥਾ ਗਿਆ ੫੦੦ ਸਿੰਘਾਂ ਦਾ। ਕੈਨੇਡਾ ਤੋਂ ਕਾਫੀ ਸਿੰਘ ਆਏ ਸਨ। ਪਿੰਡ ਸਲੌਦੀ (ਖੰਨੇ ਕੋਲ) ਠਹਿਰਿਆ। ਰਾਤ ਉਥੇ ਕਟੀ। ਪਿੰਡ ਦਿਆਂ ਬੜੀ ਸੇਵਾ ਕੀਤੀ। ਦੂਜੀ ਰਾਤ ਵੀ ਉਥੇ ਕਟੀ ਤੇ ਅੰਮ੍ਰਿਤ-ਸਿੰਚਾਰ ਵੀ ਕੀਤਾ। ਸੌ ਕੁ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਚਾਲੀ ਦੇ ਕਰੀਬ ਬੀਬੀਆਂ ਸਨ। ਜਿਨ੍ਹਾਂ ਸਾਰੀਆਂ ਨੇ ਕੇਸਕੀ ਰਹਿਤ ਨੂੰ ਧਾਰਨ ਕੀਤਾ। ਸੋ ਇਹ ਗੱਲ ਪਰਤੱਖ ਹੈ ਕਿ ਭਾਈ ਸਾਹਿਬ ਤੋਂ ਇਲਾਵਾ ਕਈ ਜਥਿਆਂ ਤੇ ਗੁਰਮੁਖ ਪਰਵਾਰਾਂ ਵਿਚ ਕੇਸਕੀਆਂ ਸਜਾਉਣ ਦੀ ਮਰਯਾਦਾ ਪਰਚਲਤ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦਸਮ ਪਾਤਸ਼ਾਹ ਦੀ ਦ੍ਰਿੜਾਈ ਰਹਿਤ ਮਰਯਾਦਾ ਵਿਚ ਆਪ ਹੁਦਰੋਂ ਕਿਉਂ ਤੇ ਕਿਵੇਂ ਅਦਲਾ ਬਦਲੀ ਕਰ ਸਕਦੇ ਸਨ।

ਕਲਜੁਗ ਵਿਚ ਜਨਮੇ ਕੋਈ ਵਿਰਲੇ ਗੁਰਮੁਖ ਜਨ ਹੀ ਨਾਮ ਬਾਣੀ ਦੇ ਆਸਰੇ ਇਨ੍ਹਾਂ ਚੇਸ਼ਟਾਵਾਂ ਤੋਂ ਬਚਦੇ ਹਨ, ਨਾਹੀਂ ਤਾਂ ਸਭ ਇਨ੍ਹਾਂ ਦੀ ਲਪੇਟ ਵਿਚ ਫਸੇ ਮਾਰ ਖਾਈ ਜਾਂਦੇ ਹਨ। ਇਨ੍ਹਾਂ ਦੇ ਜਾਲ ਵਿਚ ਫਸੇ ਮਨੁੱਖ ਕੋਹਾਂ ਦੂਰ ਜਾ ਡਿਗਦੇ ਹਨ ਅਤੇ ਇਸ ਦਲਦਲ ਵਿਚ ਫਸ ਕੇ ਬੁਧ ਇੰਨੀ ਭ੍ਰਿਸ਼ਟੀ ਜਾਂਦੀ ਹੈ ਕਿ ਉਹਨਾਂ ਨੂੰ ਭਲੇ ਬੁਰੇ ਦੀ ਤਮੀਜ਼ ਹੀ ਨਹੀਂ ਰਹਿੰਦੀ। ਕੁ-ਰਸਾਂ ਕੁਚਸਕਿਆਂ ਤੇ ਫੋਕੇ ਸੁਆਦਾਂ ਨੂੰ ਮਾਨਣਾ ਹੀ ਉਹ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾਈ ਰਖਦੇ ਹਨ। ਅਤੇ ਇਸ ਤਰ੍ਹਾਂ ਇਨ੍ਹਾਂ ਨੂੰ ਭੋਗਦੇ ਭੋਗਦੇ ਅਤਿ ਦੁਖੀ ਹੋ ਜਾਂਦੇ ਹਨ। ਅੰਤ ਖਜਲ ਖੁਆਰ ਹੋ ਕੇ ਅਤ੍ਰਿਪਤੀ ਵਿਚ ਹੀ ਮਰ ਜਾਂਦੇ ਹਨ।

ਕਲਜੁਗ ਵਿਚ ਕਾਮ ਪਰਧਾਨ ਹੈ। ਇਸ ਦੀ ਮਾਰ ਤੋਂ ਵਡੇ ਵਡੇ ਰਿਸ਼ੀ ਮੁਨੀ ਵੀ ਨਹੀਂ ਬਚ ਸਕੇ। ਕਾਮ ਨੇ ਵਡੇ ਵਡੇ ਤਪੀਸ਼ਰਾਂ ਦੀਆਂ ਵੀ ਹੱਠ-ਸਮਾਧੀਆਂ ਹਿਲਾ ਦਿਤੀਆਂ। ਜਿਥੇ ਕਾਮ ਨੇ ਵਡੇ ਵਡੇ ਦੇਵਤਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਉਥੇ ਸਧਾਰਨ ਮਨੁੱਖਾ ਦੀ ਕੀ ਵਟੀਦੀ ਹੈ। ਇਸ ਵੇਲੇ ਜਦੋਂ ਕਿ ਫ਼ੈਸ਼ਨ ਪ੍ਰਸਤੀ ਤੇ ਨੰਗੇ ਜਪੁਣੇ ਦੀ ਅਨ੍ਹੇਰੀ ਝੁਲ ਰਹੀ ਹੈ ਅਤੇ ਕਾਮ ਨੂੰ ਉਤੇਜਨਾ ਦੇਣ ਵਾਲੀਆਂ ਫਿਲਮਾਂ ਤੇ ਕਾਮਵਾਸ਼ਨਾ ਉਪਜਾਉ ਫਿਲਮੀ ਗਾਣੇ, ਵੇਸ਼ਵਾ ਨੁਮਾ ਭੜਕੀਲੇ ਲਿਬਾਸ ਆਦਿ ਦੀ ਨੁਮਾਇਸ਼ ਸ਼ਿਖਰਾਂ ਤੇ ਹੈ ਤਾਂ ਕਿਹੜਾ ਸੂਰਬੀਰ ਇਸ ਬਲਦੀ ਅੱਗ ਵਿਚ ਸਾਬਤ ਬਹਿ ਸਕਦਾ ਹੈ।

**ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥**
**ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ, ਸੋ ਪੂਰਾ ਇਹ ਕਲੀ ਰੇ॥੧॥ਰਹਾਉ॥**

(ਆਸਾ ਮ: ੫,ਪੰਨਾ ੪੦੪)

ਕਾਮੀ ਇਸਤਰੀ ਪੁਰਸ਼ਾਂ ਨੂੰ ਸੋਹਣਾ ਬਣਨ ਦਾ ਭੁਸ ਪਿਆ ਹੁੰਦਾ ਹੈ, ਜਿਸ ਲਈ ਉਹ ਸਰੀਰਕ ਬਣਾਉ ਸ਼ਿੰਗਾਰ ਦੇ ਭਾਂਤੋਂ ਭਾਂਤੀ ਵੇਸ ਬਣਾਂਦੇ ਰਹਿੰਦੇ ਹਨ। ਇਹ ਬਣਾਉ ਸ਼ਿੰਗਾਰ ਕਾਮ-ਚੇਸ਼ਟਾ ਨੂੰ ਹੋਰ ਭੀ ਤੀਖਣ ਕਰਦੇ ਹਨ। ਇਸ ਨਾਲ ਸੰਵਰਦਾ ਤਾਂ ਕੁਝ ਨਹੀਂ, ਵਿਗੜਦਾ ਬਥੇਰਾ ਕੁਝ ਹੈ,ਅਮੋਲਕ ਮਨੁਖੀ ਜੀਵਨ ਐਵੇਂ ਭੰਗ ਦੇ ਭਾੜੇ ਹੀ ਰੁੜ੍ਹ ਜਾਂਦਾ ਹੈ।

ਸਤਿਗੁਰਾਂ ਨੇ ਤਾਹੀਓਂ ਤਾਂ ਸਾਦਗੀ ਵਿਚ ਰਹਿਣ ਦਾ ਉਪਦੇਸ਼ ਦਿਤਾ ਹੈ; ਸਾਦਾ ਖਾਣਾ, ਸਾਦਾ ਪਹਿਨਣਾ ਤੇ ਸਦਾ ਜੀਵਨ ਬਤੀਤ ਕਰਨ ਦੀ ਤਾਕੀਦ ਕੀਤੀ ਹੈ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਰਹਿਤ-ਰਹਿਣੀ ਨਿਮਰਤਾ ਭਾਵ ਵਾਲੀ ਅਤੇ ਸਾਦਗੀ ਭਰਪੂਰ ਦ੍ਰਿੜਾਈ ਹੈ। ਇਸ ਰਹਿਤ-ਰਹਿਣੀ ਵਿਚ ਬਾਕਾਪਣ ਤੇ ਸ਼ੁਕੀਨੀ ਦਾ ਮੁਸ਼ਕ ਤਕ ਨਹੀਂ।

ਖ਼ਾਲਸਈ ਵੇਸ ਸ਼ਰਮ ਧਰਮ ਵਾਲਾ ਹੈ, ਇਥੇ ਫ਼ੈਸ਼ਨ-ਪ੍ਰਸਤੀ ਤੇ ਬੇਹਯਾਈ ਦੀ ਕੋਈ ਥਾਂ ਨਹੀਂ। ਖ਼ਾਲਸਈ ਦਸਤਾਰ (ਕੇਸਕੀ) ਜਿਥੇ ਕੇਸਾਂ ਦੀ ਸਾਂਭ ਸੰਭਾਲ ਕਰਦੀ ਹੈ ਉਥੇ ਪਰੇਮ-ਭਰਪੂਰ ਸ਼ਰਮ-ਹਯਾ ਦਾ ਭੂਸ਼ਣ ਹੈ। ਕੇਸਕੀ-ਸਜੀਲੀਆਂ ਬੀਬੀਆਂ ਦੇ ਜਲਾਲੀ ਚਿਹਰੇ ਦੀ ਤਾਬ ਕੋਈ ਨਹੀਂ ਝੱਲ ਸਕਦਾ ਅਤੇ ਕਿਸੇ ਪੁਰਸ਼ ਦਾ ਉਨ੍ਹਾਂ ਵਲ ਮੈਲੀ ਅਖ ਨਾਲ ਤਕਣ ਦਾ ਹੀਆ ਹੀ ਨਹੀਂ ਪੈਂਦਾ। ਇਸ ਦੇ ਉਲਟ ਵਾਲਾ ਦੇ ਫ਼ੈਸ਼ਨ ਬਣਾਉਣ ਵਾਲੀਆਂ ਸਿਰੋਂ ਨੰਗੀਆਂ ਇਸਤ੍ਰੀਆਂ, ਵਲ ਸਭ ਅੱਖਾਂ ਪਾੜ ਪਾੜ ਤਕਦੇ ਹਨ, ਤੇ ਰਾਹ ਜਾਂਦਿਆ ਕਈ ਲੁੱਚੇ ਲਫ਼ੰਗੇ ਤਾਂ ਕਈ ਤਰ੍ਹਾਂ ਦੇ ਅਵਾਜ਼ੇ ਕਸਦੇ ਤੇ ਛੇੜਖ਼ਾਨੀ ਕਰਦੇ ਹਨ।



www.AKJ.Org

ਸੋ ਇਨ੍ਹਾਂ ਕਾਮਾਦਿਕਾਂ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ ਕਿ ਗੁਰੂ ਦੀ ਸ਼ਰਨ ਆਈਏ। ਗੁਰੂ ਦੀ ਸ਼ਰਨ ਵਿਚ ਆ ਕੇ ਗੁਰਮਤਿ ਭੈ-ਭਾਵਨੀ ਵਿਚ ਜੀਵਨ ਬਤੀਤ ਕਰੀਏ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ॥ (ਪੰਨਾ ੫੪੪)

ਗੁਰੂ ਦੀ ਸ਼ਰਨ ਵਿਚ ਆਇਆਂ 'ਸ਼ਰਮ ਹਯਾ' ਦਾ ਕਪੜਾ ਪਹਿਰ ਕੇ ਲੋਕਾਂ ਦੀਆਂ ਬਦ ਨਜ਼ਰਾਂ ਤੋਂ ਬਚ ਸਕੀਦਾ ਹੈ। ਫਿਰ ਇਸ ਕਲਜੁਗੀ ਪ੍ਰਭਾਵ ਤੋਂ ਉਹ ਬਚ ਸਕਦੇ ਹਨ ਜਿਨ੍ਹਾਂ ਨੂੰ ਗੁਰੂ ਪਾਤਸ਼ਾਹ ਨੂੰ ਮਿਲਣ ਦੀ, ਪ੍ਰਭੂ-ਭਗਤੀ ਅਤੇ ਪ੍ਰਭੂ-ਮਿਲਾਪ ਦੀ ਤਾਂਘ ਹੁੰਦੀ ਹੈ। ਫਿਰ ਉਹ ਬਚਦੇ ਹਨ ਜਿਨ੍ਹਾਂ ਨੂੰ ਪਹਿਰੇ ਹੋਏ ਗੁਰੂ ਕੇ ਬਾਣੇ ਦੀ ਲਜਿਆ ਹੁੰਦੀ ਹੈ ਅਤੇ ਉਹ ਸਤਿਗੁਰੂ ਦੇ ਡਰ ਵਿਚ ਰਹਿੰਦੇ ਹਨ।

ਸੋ ਕਾਮ ਆਦਿਕ ਵੈਰੀਆਂ ਤੋਂ ਬਚਣ ਲਈ ਅਤਿ ਜ਼ਰੂਰੀ ਹੈ ਕਿ ਗੁਰੂ ਦਾ ਆਸਰਾ ਲਈਏ, ਅੰਮ੍ਰਿਤ ਛਕ ਕੇ ਗੁਰੂ ਕੇ ਬਣੀਏ ਅਤੇ ਗੁਰੂ ਕੀ ਦ੍ਰਿੜ੍ਹਾਈ ਸਾਦਾ ਰਹਿਤ-ਰਹਿਣੀ ਵਿਚ ਤਿਆਰ-ਬਰ-ਤਿਆਰ ਰਹੀਏ। ਜਿਥੇ ਸਿੰਘਾਂ ਲਈ ਭੈ-ਭਾਵਨੀ ਵਾਲਾ ਵੇਸ ਕੇਸਕੀ ਸਜਾ ਕੇ ਉਪਰ ਦੀ ਸਿੱਧੇ ਪੇਚਾਂ ਵਾਲਾ ਦਸਤਾਰਾਂ ਸਜਾਣਾ ਲੁੜੀਂਦਾ ਹੈ ਉਥੇ ਬੀਬੀਆਂ ਲਈ ਸਿੰਘਾਂ ਵਾਂਗ ਹੀ ਦਸਮ ਦੁਆਰ ਜੂੜਾ ਕਰ ਕੇ ਕੇਸਕੀ ਸਜਾਉਣੀ ਅਤਿ ਜ਼ਰੂਰੀ ਹੈ। ਇਸ ਤਰ੍ਹਾਂ ਹੀ ਮੈਲੀਆਂ ਨਜ਼ਰਾਂ ਤੋਂ ਬਚਿਆ ਜਾ ਸਕਦਾ ਹੈ।

ਕਈ ਮਾਪੇ ਆਪ ਤਾਂ ਕੇਸਕੀ ਸੰਯੁਕਤ ਰਹਿਤ-ਰਹਿਣੀ ਦੇ ਧਾਰਨੀ ਹੁੰਦੇ ਹਨ, ਪਰ ਆਪਣੇ ਛੋਟੇ ਬੱਚਿਆਂ ਦੇ ਸੀਸ ਦੇ ਕੇਸਾਂ ਤੇ ਰੰਗ ਬਰੰਗੇ ਰਿਬਨ ਪਾ ਕੇ ਕਈ ਤਰ੍ਹਾਂ ਦੇ ਬਣਾਉਟੀ ਸ਼ਿੰਗਾਰ ਕਰਦੇ ਹਨ ਅਤੇ ਚਟਕੀਲੇ ਮਟਕੀਲੇ ਬਸਤਰਾਂ ਨਾਲ ਸਜਾਂਦੇ ਹਨ। ਅਜਿਹੇ ਮਾਪੇ ਆਪ ਹੀ ਆਪਣੇ ਬੱਚਿਆਂ ਨੂੰ ਕੁਰਾਹੇ ਪਾਉਣ ਦੇ ਜਿਮੇਵਾਰ ਬਣਦੇ ਹਨ। ਬਚਪਨ ਦੀ ਸਿਖਲਾਈ ਬੱਚੇ ਦੇ ਮਨ ਉਤੇ ਡੂੰਘਾ ਨਕਸ਼ ਕਰ ਜਾਂਦੀ ਹੈ ਅਤੇ ਹੋਸ਼ ਸੰਭਾਲਣ ਤਕ ਬੱਚੇ ਦੇ ਮੁਢਲੇ ਸੰਸਕਾਰ, ਉਸ ਦੀ ਪੱਕੀ ਆਦਤ ਬਣ ਜਾਂਦੇ ਹਨ। ਵੱਡੇ ਹੋਣ ਤੇ ਮਾਪੇ ਭਾਵੇਂ ਲਖ ਵਰਜਣ, ਉਪਦੇਸ਼ ਕਰਨ ਅਤੇ ਗੁਰਮਤਿ ਵਲ ਤੋਰਨ ਦਾ ਜਤਨ ਕਰਨ, ਸਭ ਕੁਝ ਬੇਸੁਦ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਕਹਾਣਾ ਕੋਈ ਅਸਰ ਨਹੀ ਕਰਦਾ। ਅਜਿਹੇ ਲੋਕੀ ਲੋਕ-ਲਾਜ ਵਿਚ ਫਸੇ ਹੋਏ ਲੋਕਾਚਾਰ ਅਪਣਾਉਂਦੇ ਹਨ ਅਤੇ ਲੋਕਾਚਾਰੀ ਦੀ ਰੀਸ ਘੜੀਸੇ ਆਪਣੇ ਬੱਚਿਆਂ ਦਾ ਭਵਿਖ ਵਿਗਾੜ ਲੈਂਦੇ ਹਨ। ਜਿਨ੍ਹਾਂ ਬੱਚਿਆਂ ਨੇ ਛੋਟੇ ਹੁੰਦਿਆਂ ਮਾਵਾਂ ਦੇ ਫੋਕੇ ਚਾਵਾਂ-ਮਲ੍ਹਾਰਾਂ ਵਿਜ ਪਰਵਿਸ਼ ਪਾਈ ਹੋਵੇ ਉਹ ਵਡੇ ਹੋ ਕੇ ਕਦ ਕੇਸਕੀ ਸੰਯੁਕਤ ਰਹਿਤ-ਰਹਿਣੀ ਨੂੰ ਅਪਨਾਉਂਦੇ ਹਨ। ਉਨ੍ਹਾਂ ਦੇ ਮਨ ਤਾਂ ਨਵੀਂ ਰੌਸ਼ਨੀ ਦੇ ਵਿਗਾੜ ਰਾਹੀਂ ਵਿਗੜ ਚੁਕੇ ਹੁੰਦੇ ਹਨ, ਸਾਦਗੀ ਦਾ ਪਹਿਰਾਵਾ ਉਨ੍ਹਾਂ ਨੂੰ ਬਹੁਤ ਘਟੀਆ ਤੇ ਨੀਵੇਂ ਦਰਜੇ ਦਾ ਜਾਪਦਾ ਹੈ।

ਸੋ ਜੇ ਅਸੀਂ ਆਪਣੇ ਪੁਤਰਾਂ ਧੀਆਂ ਦਾ ਜੀਵਨ ਉਚਾ ਦੇਖਣਾ ਚਾਹੁੰਦੇ ਹਾਂ ਤਾਂ ਇਸ ਗੱਲ ਦੀ ਡਾਢੀ ਲੋੜ ਹੈ ਕਿ ਬਚਪਨ ਤੋਂ ਹੀ ਉਨ੍ਹਾਂ ਨੂੰ ਗੁਰਮਤਿ ਰਹਿਤ ਰਹਿਣੀ ਵਿਚ ਰਖ ਕੇ ਗੁਰਮਤਿ-ਸਿਖਿਆ ਦ੍ਰਿੜ੍ਹਾਈ ਜਾਵੇ ਅਤੇ ਚੰਚਲਤਾਈ ਵਾਲੇ ਪਹਿਰਾਵੇ ਤੇ ਮਨਮਤੀ ਸਿਖਿਆ ਤੋਂ ਬਚਾ ਰਖਿਆ ਜਾਵੇ। ਅਜਿਹੇ ਮਾਹੌਲ ਵਿਚ ਪਲੇ ਹੋਏ ਬੱਚਿਆਂ ਦਾ ਵਡਿਆਂ ਹੋ ਕੇ ਡਿਗਣ ਡੋਲਣ ਦਾ ਘਟ ਹੀ ਖ਼ਤਰਾ ਹੁੰਦਾ ਹੈ। ਬਸ ਫ਼ਰਜ਼ ਬਣਦਾ ਹੈ ਜਿਥੇ ਅਸਾਂ ਆਪਣੀ ਰਹਿਤ ਰਹਿਣੀ ਦੀ ਪਰਪਕਤਾ ਦਾ ਖ਼ਿਆਲ ਰਖਣਾ ਹੈ ਉਥੇ ਆਪਣੇ ਬੱਚਿਆਂ ਦੇ ਭਵਿਖਤ ਨੂੰ ਵਿਗੜਨ ਤੋਂ ਰੋਕਣ ਲਈ, ਮੁਢ ਤੋਂ ਹੀ ਉਪਰੋਕਤ ਰਹਿਤ ਰਹਿਣੀ ਵਿਚ ਉਨ੍ਹਾਂ ਨੂੰ ਪਰਪਕ ਕਰਨਾ ਅਤਿ ਲੋੜੀਂਦਾ ਹੈ।

---


## ਗੁਰੂ ਪਿਆਰੀਆਂ ਸੰਗਤਾਂ ਦੇ ਚਰਨਾਂ ਵਿਚ ਜੋਦੜੀ

'ਸੂਰਾ' ਮਾਸਿਕ ਪੱਤਰ ਜੋ ਕਿ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਦੀ ਸੇਵਾ ਕਰ ਰਿਹਾ ਹੈ ਵੱਧ ਤੋਂ ਵੱਧ ਸੰਗਤਾਂ ਤੱਕ ਪਹੁੰਚਾਉਣ ਦੇ ਮਨੋਰਥ ਨੂੰ ਮੁੱਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਚੰਦੇ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਤੋਂ ਲਗਾਤਾਰ ਲਾਗਤ ਕੀਮਤ ਵਧਣ ਦੇ ਬਾਵਜੂਦ ਇਸਦੇ ਚੰਦੇ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਇਹ ਸਭ ਗੁਰੂ ਪਿਆਰੀਆਂ ਸੰਗਤਾਂ ਦੇ ਦਿੱਤੇ ਨਿੱਘੇ ਸਹਿਯੋਗ ਅਤੇ ਸੂਰਾ ਸਹਾਇਤਾ ਫੰਡ ਵਿਚ ਭੇਜੀ ਮਾਇਆ ਨਾਲ ਹੀ ਸੰਭਵ ਹੋ ਸਕਿਆ ਹੈ। ਸੋ ਅੱਗੋਂ ਲਈ ਵੀ ਸੰਗਤਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਆਪਣੇ ਦਸਵੰਧ ਵਿਚੋਂ ਵੱਧ ਤੋਂ ਵੱਧ ਮਾਇਆ ਸੂਰਾ ਸਹਾਇਤਾ ਫੰਡ ਲਈ ਭੇਜੋ ਜੀ ਤਾਂ ਕਿ ਗੁਰਸ਼ਬਦ ਦਾ ਇਹ ਲੰਗਰ ਇਸੇ ਤਰਾਂ ਨਿਰਵਿਘਨ ਚੱਲਦਾ ਰਹੇ। ਚੈਕ ਜਾਂ ਬੈਂਕ ਡਰਾਫਟ ਸੂਰਾ ਮੰਥਲੀ ਲੁਧਿਆਣਾ ਦੇ ਨਾਮ ਹੀ ਭੇਜੇ ਜਾਣ।





www.AKJ.Org

# ਸਾਡੇ ਗੁਰਮਤਿ ਅਨੰਦ ਕਾਰਜ

ਕੋਈ ਸਮਾਂ ਸੀ ਜਦੋਂ ਕਿ ਸਿਖ-ਸੰਗਤਾਂ ਗੁਰਸਿਖੀ ਅਸੂਲਾਂ ਤੇ ਗੁਰਮਤਿ ਮਰਯਾਦਾ ਨੂੰ ਜਿੰਦ ਜਾਨ ਨਾਲੋਂ ਵੀ ਵਧ ਪਿਆਰ ਕਰਦੀਆਂ ਸਨ ਅਤੇ ਹਰ ਪਾਸੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਬਾਣੇ ਵਿਚ ਅਨੇਕਾਂ ਤਿਆਰ-ਬਰ-ਤਿਆਰ ਸਿੰਘ-ਸਿੰਘਣੀਆਂ ਨਜ਼ਰੀਂ ਪੈਂਦੇ ਸਨ ਤੇ ਠਾਠਾਂ ਮਾਰਦੇ ਸਮੁੰਦਰ ਵਾਂਗ ਗੁਰਸਿਖ ਵੀਰ ਭੈਣਾਂ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਸਨ। ਓਦੋਂ ਤੇਜਮਈ ਖ਼ਾਲਸਾ ਜੀ ਦਾ ਤੇਜ-ਪਰਤਾਪ ਝੱਲਿਆ ਨਹੀਂ ਸੀ ਜਾਂਦਾ। ਉਸ ਵੇਲੇ ਅਨੰਦ ਕਾਰਜਾਂ ਵਾਸਤੇ ਬੀਬੀ ਤੇ ਸਿੰਘ ਦਾ ਗੁਰਸਿਖੀ ਜੀਵਨ, ਰਹਿਣੀ ਬਹਿਣੀ, ਨਿਤਨੇਮ ਤੇ ਨਾਮ-ਅਭਿਆਸ ਕਮਾਈ ਆਦਿ ਗੁਣਾਂ ਨੂੰ ਹੀ ਮੁੱਖ ਰਖਿਆ ਜਾਂਦਾ ਸੀ, ਪਰ ਅੱਜ ਕਲ੍ਹ ਬਿਲਕੁਲ ਉਸ ਦੇ ਉਲਟ ਬਾਹਰਮੁਖੀ ਦਿਖਾਵਾ ਤੇ ਪਹਿਰਾਵਾ ਹੀ ਰਹਿ ਗਿਆ ਹੈ, ਤਤ-ਜੀਵਨੀ ਅੰਦਰੋਂ ਉਡੀ ਪੁਡੀ ਹੀ ਦਿਸਦੀ ਹੈ, ਜਾਂ ਨਾਂ-ਮਾਤਰ ਹੀ ਰਹਿ ਗਈ ਹੈ। ਇਉਂ ਪਰਤੀਤ ਹੁੰਦਾ ਹੈ ਕਿ ਖ਼ਾਲਸਾ ਪੰਥ ਵੀ ਕਲਜੁਗ ਦੇ ਭਿਆਨਕ ਪਰਭਾਵ ਤੋਂ ਬਚ ਨਹੀਂ ਸਕਿਆ। ਨਵੀਂ ਪੁੰਗਰ ਰਹੀ ਪਨੀਰੀ ਸਿਖੀ ਰਹਿਤ-ਰਹਿਣੀ ਤੋਂ ਦਿਨ-ਬਦਿਨ ਮੁਨਕਰ ਹੁੰਦੀ ਜਾ ਰਹੀ ਹੈ। ਅਸੀਂ ਲੋਕ-ਲਾਜ ਤੇ ਮਾਇਆ ਦੇ ਚੱਕਰ ਵਿਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਾਂ। ਚੰਗੇ ਚੰਗੇ ਗੁਰਸਿਖ ਘਰਾਣਿਆਂ ਦੇ ਬੱਚੇ ਵੀ ਢਹਿੰਦੀ ਕਲਾ ਵਿਚ ਜਾ ਰਹੇ ਹਨ। ਗੁਰ-ਅਸਥਾਨਾਂ ਵਿਚ ਨਾਮ-ਬਾਣੀ ਦੇ ਕੀਰਤਨ ਵੀ ਸੁਣਦੇ ਹਾਂ, ਪਰ ਉਸ ਤੋਂ ਪਿਛੋਂ ਫਿਰ ਨਿੰਦਾ, ਚੁਗਲੀ ਤੇ ਇਧਰਲੀਆਂ ਉਧਰਲੀਆਂ ਫ਼ਜ਼ੂਲ ਗੱਲਾਂ ਬਾਤਾਂ ਵਿਚ ਲਗ ਜਾਂਦੇ ਹਾਂ। ਇਹ ਸਾਡੇ ਫੋਕੇ ਜੀਵਨ ਦੀਆਂ ਨਿਸ਼ਾਨੀਆਂ ਹਨ।

ਅਸੀਂ ਨਵੀਂ ਪੀੜ੍ਹੀ ਨੂੰ ਠੀਕ ਢੰਗ ਨਾਲ ਪੂਰਾ ਪੂਰਾ ਸਹਾਰਾ ਦੇ ਕੇ ਅਧਿਆਤਮਕ ਜੀਵਨ ਦੀ ਜਾਚ ਨਹੀਂ ਦਸਦੇ। ਕਿਹਾ ਜਾਂਦਾ ਹੈ, "ਬੱਚੇ ਹੀ ਕੌਮ ਦੀ ਨੀਂਹ ਹੁੰਦੇ ਹਨ" ਇਸ ਲਈ ਆਪਣੇ ਭੁਜੰਗੀ ਅਤੇ ਭੁਜੰਗਣਾਂ ਨੂੰ ਠੀਕ ਰਸਤੇ ਪਾਉਣਾ ਸਾਡਾ ਪਹਿਲਾ ਫ਼ਰਜ਼ ਹੈ। ਬੱਚਿਆਂ ਦਾ ਅੰਮ੍ਰਿਤਧਾਰੀ ਹੋਣਾ ਬਹੁਤ ਜ਼ਰੂਰੀ ਹੈ, ਜਿਸ ਨਾਲ ਨਿਤਨੇਮ ਤੇ ਨਾਮ-ਅਭਿਆਸ ਦਾ ਪਤਾ ਲਗਦਾ ਹੈ। ਬੱਚਿਆਂ ਦਾ ਰਹਿਣ ਸਹਿਣ ਇਸ ਤਰ੍ਹਾਂ ਆਪਣੇ ਆਪ ਹੀ ਦੁਨੀਆਦਾਰੀ ਤੋਂ ਅਲੱਗ ਹੋ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ ਪਾਤਸ਼ਾਹ ਜੀ ਨੇ ਜਾਤ ਪਾਤ ਦੇ ਬੰਧਨਾਂ ਤੋਂ ਮੁਕਤ ਕਰ ਕੇ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਹੈ; ਅਮੀਰ ਗ਼ਰੀਬ ਤੇ ਊਚ ਨੀਚ ਦੇ ਭੇਦ-ਭਾਵ ਨੂੰ ਖ਼ਤਮ ਕਰ ਦਿਤਾ ਹੈ, ਪਰ ਅਸੀਂ ਨੌਜਵਾਨ ਬੱਚਿਆਂ ਦੇ ਅਨੰਦ ਕਾਰਜ ਸਮੇਂ ਫਿਰ ਜਾਤ-ਬਰਾਦਰੀ ਦੀ ਹੋਂਦ ਤੇ ਜ਼ਿਆਦਾ ਵਿਸ਼ਵਾਸ਼ ਰਖਦੇ ਹਾਂ; ਰਾਮਗੜ੍ਹੀਏ, ਅਰੋੜੇ, ਖੱਤਰੀ ਤੇ ਜੱਟ ਆਦਿ ਦਾ ਸੁਆਲ ਪੈਦਾ ਹੋ ਜਾਂਦਾ ਹੈ। ਇਸ ਤਰ੍ਹਾਂ ਕਈ ਤਿਆਰ-ਬਰ-ਤਿਆਰ ਸਿੰਘਾਂ ਨੂੰ ਬੀਬੀਆਂ ਅਤੇ ਬੀਬੀਆਂ ਨੂੰ ਤਿਆਰ-ਬਰ-ਤਿਆਰ ਸਿੰਘ ਨਹੀਂ ਮਿਲਦੇ। ਕਈ ਵਾਰੀ ਬੀਬੀਆਂ ਨੂੰ ਕੇਸਕੀ ਤੋਂ ਤਿਲਾਂਜਲੀ ਲੈਣੀ ਪੈਂਦੀ ਹੈ ਤੇ ਕਈ ਵਾਰੀ ਸਿੰਘਾਂ ਨੂੰ ਤਿਆਰ-ਬਰ-ਤਿਆਰ ਬੀਬੀ ਨਾ ਮਿਲਣ ਕਰਕੇ ਢਿਲਾ ਹੋਣਾ ਪੈ ਜਾਂਦਾ ਹੈ। ਜੇ ਕਿਸੇ ਪ੍ਰਵਾਰ ਵਿਚ ਬੀਬੀ ਬੀ. ਏ. ਆਦਿ ਪੜ੍ਹੀ ਹੋਈ ਹੋਵੇ ਤਾਂ ਘਰ ਦੇ ਮੈਂਬਰਾਂ ਦਾ ਇਹ ਖ਼ਿਆਲ ਹੁੰਦਾ ਹੈ ਕਿ ਉਸ ਲਈ ਜੋ ਸਿੰਘ ਮਿਲੇ ਅਫ਼ਸਰ ਹੋਵੇ, ਚਾਹੇ ਸਿਖ ਰਹਿਤ-ਰਹਿਣੀ ਵਿਚ ਢਿਲਾ ਮੱਠਾ ਹੀ ਹੋਵੇ ਅਤੇ ਬੀਬੀ ਨੂੰ ਉਸ ਪਰਵਾਰ ਵਿਚ ਜਾ ਕੇ ਰਹਿਤ-ਬਹਿਤ ਨੂੰ ਵੀ ਤਿਲਾਂਜਲੀ ਦੇਣੀ ਪਵੇ। ਰਹਿਤ-ਬਹਿਤ ਦੀ ਕੁਰਬਾਨੀ ਦੇ ਕੇ ਗੁਰਮਤਿ ਅਸੂਲਾਂ ਦੇ ਉਲਟ ਕਿਸੇ ਅਫ਼ਸਰ ਦੀ ਭਾਲ-ਕਰਨੀ ਕਿਥੋਂ ਦੀ ਗੁਰਸਿਖੀ ਹੈ ? ਬਹੁਤ ਘਟ ਪ੍ਰਵਾਰ ਹਨ ਜੋ ਕੇਸਕੀ ਨੂੰ ਪਿਆਰ ਨਾਲ ਸਜਾਉਂਦੇ ਹਨ ਅਤੇ ਅੰਤ ਪ੍ਰਯੰਤ ਨਿਬਾਹੁਣ ਦਾ ਯਤਨ ਕਰਦੇ ਹਨ। ਇਸੇ ਡਰ ਪਿਛੇ ਜ਼ਿਆਦਾ ਤਰ ਬੀਬੀਆਂ ਨੂੰ ਕੇਸਕੀਆਂ ਨਹੀਂ ਸਜਾਈਆਂ ਜਾਂਦੀਆਂ, ਕਿਉਂਕਿ ਉਨ੍ਹਾਂ ਨੂੰ ਕੋਈ ਅਫ਼ਸਰ ਪਸੰਦ ਨਹੀਂ ਕਰੇਗਾ।

ਐ ਸਿੰਘੋ ! ਅਨੰਦ ਕਾਰਜ ਸਿਰਫ ਗੁਰਸਿਖੀ ਅਸੂਲਾਂ ਨੂੰ ਮੁੱਖ ਰਖ ਕੇ ਕਰੋ ਜੀ । ਬੱਚਿਆਂ ਨੂੰ ਸ਼ੁਰੂ ਤੋਂ ਹੀ ਇਸ ਮਾਰਗ ਤੇ ਲਾਉ। ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰ ਕੇ ਅਮੀਰੀ ਗਰੀਬੀ ਤੇ ਊਚ-ਨੀਚ ਦੀ ਕੜੀ ਤੋੜ ਸੁਟੋ ਅਤੇ ਆਪਸ ਵਿਚ ਗੁਰਮਤ ਵਿਆਹ ਕਾਇਮ ਕਰੋ ਜੀ।

ਅਨੰਦ ਕਾਰਜ ਲਈ ਹੇਠ ਲਿਖੀਆਂ ਗੱਲਾਂ ਵਲ ਧਿਆਨ ਦਿਉ ਜੀ :-

(੧) ਸਿੰਘ ਜਾਂ ਬੀਬੀ ਤਿਆਰ-ਬਰ-ਤਿਆਰ ਹੋਵੇ, ਨਿਤਨੇਮੀ ਤੇ ਨਾਮ ਅਭਿਆਸ ਦੀ ਕਮਾਈ ਕਰਨ ਵਾਲੇ ਹੋਣ।

(੨) ਸਿੰਘ ਜਾਂ ਬੀਬੀ ਗੁਰਸਿਖੀ ਪ੍ਰਵਾਰ ਵਿਚੋਂ ਹੋਣ, ਜਿਸ ਨਾਲ ਉਨ੍ਹਾਂ ਨੂੰ ਪ੍ਰਵਾਰਕ ਜੀਵਨ ਵਿਚ ਕੋਈ ਰੁਕਾਵਟ ਨਾ ਪੈਦਾ ਹੋਵੇ।

(੩) ਅਨੰਦ-ਕਾਰਜ ਸਿਰਫ ਸਮਾਗਮਾਂ ਤੇ ਹੀ ਹੋਣ, ਲੈਣ ਦੇਣ ਦੀ ਰਸਮ ਨੂੰ ਖ਼ਤਮ ਕਰ ਦਿਤਾ ਜਾਵੇ।

(੪) ਸਿੰਘ ਦੀ ਪੈਸੇ ਦੀ ਕਮਾਈ ਨਾਲੋਂ ਉੱਚੀ ਸੁੱਚੀ ਕਮਾਈ ਅਮਲੀ ਜੀਵਨ ਦੀ ਤੇ ਨਾਮ ਅਭਿਆਸ ਕਮਾਈ ਵਲ ਧਿਆਨ ਦਿਤਾ ਜਾਵੇ।

(੫) ਜਾਤ ਪਾਤ ਲਈ ਕੋਈ ਥਾਂ ਨਾ ਹੋਵੇ।

■ ■ ■


www.AKJ.Org

# ਪਿਆਰ

(ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ.)

ਜਦੋਂ ਮਨੁੱਖ ਸਰਬ-ਵਿਆਪਕ ਪ੍ਰਭੂ ਨਾਲ ਆਪਣੇ ਆਪ ਨੂੰ ਜੋੜ ਲੈਂਦਾ ਹੈ, ਉਸ ਦੇ ਅੰਦਰ ਪਿਆਰ ਦੇ ਸੋਮੇ -ਪ੍ਰਭੂ ਦਾ ਵਾਸ ਹੋਣ ਕਰਕੇ 'ਪਿਆਰ' ਇਤਨਾ ਫੁਟ ਫੁਟ ਪੈਂਦਾ ਹੈ ਕਿ ਉਸ ਨੂੰ ਹਰ ਥਾਂ 'ਭਲਾਈ' ਤੇ 'ਨੇਕੀ' ਹੀ ਦਿਸਦੀ ਹੈ। ਨੇਕ-ਯੁਧਿਸ਼ਟਰ ਤੇ ਬੁਰੇ ਦੁਰਯੋਧਨ ਨੂੰ ਜਦੋਂ ਕ੍ਰਿਸ਼ਨ ਜੀ ਨੇ ਬੁਰਾ ਤੇ ਭਲਾ ਮਨੁੱਖ ਲਭਣ ਲਈ ਘਾਲਿਆ ਤਾ 'ਬੁਰਾ ਨ ਕੋਈ ਜੁਧਿਸ਼ਟਰੈ, ਦੁਰਯੋਧਨ ਕੋ ਭਲਾ ਨ ਦੇਖੈ।

ਕਿਉਂ ?.....

ਪ੍ਰਭੂ ਸਭ ਦੇ ਅੰਦਰ ਵਸਦਾ ਹੈ, ਜਦੋਂ ਉਹ ਸਾਡੇ ਅੰਦਰ ਪ੍ਰਤੱਖ ਜਲਵਾ-ਗਰ ਹੁੰਦਾ ਹੈ, ਤਾਂ ਅਸਾਨੂੰ ਇਹ ਯਕੀਨ ਬਣਦਾ ਜਾਂਦਾ ਹੈ ਕਿ ਜਗਤ ਦੇ ਸਾਰੇ ਜੀਵਾਂ ਨਾਲ ਸਾਡੀ ਸਾਂਝ ਹੈ, ਅਸੀਂ ਉਹਨਾਂ ਨਾਲ ਅਭੇਦ ਹਾਂ ਇਹ ਯਕੀਨ ਬਣਿਆਂ, ਫਿਰ ਅਸੀਂ ਕਿਸੇ ਨੂੰ ਦੁੱਖ ਨਹੀਂ ਦੇ ਸਕਦੇ। ਜੇ ਅਸੀਂ ਆਪਣੇ ਸਰੀਰ ਦੇ ਕਿਸੇ ਅੰਗ ਨੂੰ ਕਸ਼ਟ ਦੇਈਏ, ਤਾਂ ਉਸ ਦੀ ਪੀੜ ਸਾਰੇ ਅੰਗਾਂ ਨੂੰ, ਸਾਰੇ ਸਰੀਰ ਨੂੰ ਝੱਲਣੀ ਪੈਂਦੀ ਹੈ। ਇਹ ਸਾਰਾ ਜਗਤ ਪ੍ਰਭੂ ਦਾ 'ਆਕਾਰ' ਹੈ, ਪ੍ਰਭੂ ਦਾ ਸਰੀਰ ਹੈ, ਕਿਸੇ ਇਕ ਅੰਗ ਨੂੰ ਦੁੱਖ ਦਿਤਿਆਂ ਅਸਾਨੂੰ ਭੀ ਉਸ ਦੁੱਖ ਵਿਚ ਹਿੱਸਾ ਵੰਡਾਣਾ ਪਏਗਾ; ਅਸਾਨੂੰ ਭੀ ਉਹ ਪੀੜ ਸਹਿਣੀ ਪਏਗੀ।

ਜਦੋਂ ਇਹ ਨਿਸਚਾ ਹੋ ਜਾਏ ਕਿ ਇਕੋ ਹੀ ਜੀਵਨ-ਰੌ ਸਭ ਦੇ ਅੰਦਰ ਰੁਮਕ ਰਹੀ ਹੈ, ਅਸੀਂ ਸਾਰੇ ਇਕੋ ਹੀ ਜੀਵਨ-ਸੋਮੇ ਦੇ ਸਾਂਝੀਵਾਲ ਹਾਂ, ਤਾਂ ਦੂਜਿਆਂ ਦੇ ਵਿਰੁੱਧ ਸਾਡੇ ਅੰਦਰ ਟਿਕੀ ਹੋਈ ਨਫ਼ਰਤ ਦੂਰ ਹੋ ਜਾਂਦੀ ਹੈ, ਦੂਜਿਆਂ ਦੇ ਵਿਰੁੱਧ ਬੱਝੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ, 'ਪਿਆਰ' ਦਾ ਸੋਮਾ ਅਸਾਡੇ ਅੰਦਰ ਫੁੱਟ ਨਿਕਲਦਾ ਹੈ ਸਾਡੇ ਦਿਲ ਉਤੇ 'ਪਿਆਰ' ਹੀ ਰਾਜ ਕਰਨ ਲਗ ਪੈਂਦਾ ਹੈ। ਜਿਧਰ ਜਾਂਦੇ ਹਾਂ, ਜਿਧਰ ਤੱਕਦੇ ਹਾਂ, ਸਾਡੇ ਅੰਦਰ ਵੱਸਦਾ ਪ੍ਰਭੂ ਹੀ ਹਰ ਥਾਂ ਦਿਸਦਾ ਹੈ :-

'ਆਠ ਜਾਮ ਚਉਸਠਿ ਘਰੀ,
ਤੁਅ ਨਿਰਖਤ ਰਹੈ ਜੀਉ॥
ਨੀਚੇ ਲੋਇਣ ਕਿਉਂ ਕਰਉ,
ਸਭ ਘਟ ਦੇਖਉ ਪੀਉ॥੨੩੫॥

(ਸਲੋਕ ਕਬੀਰ ਜੀ)

ਅੰਗਰੇਜ਼ੀ ਵਿਚ ਇਕ ਅਖਾਣ ਹੈ :-

**He that takes the sword, shall perish by the sword.**

ਸ੍ਰੀ ਕਲਗੀਧਰ ਜੀ ਭੀ 'ਜ਼ਫਰਨਾਮੇ' ਵਿਚ ਔਰੰਗਜ਼ੇਬ ਨੂੰ ਸਮਝਾਂਦੇ ਹੋਏ ਇਉਂ ਆਖਦੇ ਹਨ :-

ਮ-ਜ਼ਨ ਤੇਗ਼ ਬਰ ਖ਼ੂਨਿ ਕਸ ਬੇ ਦਰੇਗ॥

ਏਸ ਗੱਲ ਨੂੰ ਜੇ ਸਾਇੰਸ ਦੀ ਕਸਵਟੀ ਤੇ ਪਰਖੀਏ ਤਾਂ ਸੋਲ੍ਹਾਂ ਆਨੇ ਠੀਕ ਉਤਰਦੀ ਹੈ। ਮਨੁੱਖ ਦੇ ਮਨ ਵਿਚੋਂ ਉੱਠਦਾ ਖ਼ਿਆਲ ਇਕ ਬੜੀ ਜ਼ਬਰਦਸਤ ਤਾਕਤ ਹੈ। ਜਿਸ ਵੇਲੇ ਅਸੀਂ ਕਿਸੇ ਇਨਸਾਨ ਦੇ ਵਿਰੁੱਧ ਕੋਈ ਨਫ਼ਰਤ ਵਾਲਾ 'ਖ਼ਿਆਲ' ਆਪਣੇ ਮਨ ਵਿਚ ਲਿਆਉਂਦੇ ਹਾਂ, ਇਸ 'ਮੰਦੇ ਖ਼ਿਆਲ' ਦੀਆਂ ਠੋਕਰਾਂ(ether) 'ਅਕਾਸ਼' ਵਿਚ ਵਜ ਕੇ ਤੁਰੰਤ ਇਹ ਠੋਕਰਾਂ ਉਸ ਹਿਰਦੇ ਤੇ ਜਾ ਵੱਜਦੀਆਂ ਹਨ, ਜਿਸ ਦੇ ਵਿਰੁੱਧ ਸਾਡੇ ਅੰਦਰ ਨਫ਼ਰਤ ਪੈਦਾ ਹੋਈ ਸੀ। ਉਸ ਹਿਰਦੇ ਵਿਚੋਂ ਇਹ ਨਫ਼ਰਤ ਦੀਆਂ ਠੋਕਰਾਂ ਨਫ਼ਰਤ ਪੈਦਾ ਕਰ ਕੇ ਮੁੜ ਸਾਡੇ ਪਾਸ ਲੈ ਆਉਂਦੀਆਂ ਹਨ। ਇਹ ਤਮਾਸ਼ਾ ਅਸੀਂ ਰੋਜ਼ (radio) ਰੇਡੀਓ ਵਿਚ ਤੱਕਦੇ ਹਾਂ। ਕਿਸੇ ਰੇਡੀਓ-ਸਟੇਸ਼ਨ (station) ਤੋਂ ਚਲਾਈ (Wave-current) ਲਹਿਰ ਰੇਡੀਓ ਵਿਚ ਤਦੋਂ ਹੀ ਅਸਰ ਕਰਦੀ ਹੈ ਜਦੋਂ ਰੇਡੀਓ ਦੀ ਸੂਈ ਉਸ ਸੇਧ ਵਿਚ ਹੈ ਜਿਸ ਸੇਧ ਵਿਚ 'ਸਟੇਸ਼ਨ' ਤੋਂ ਲਹਿਰ ਚਲੀ ਹੈ। ਇਸ ਨਫ਼ਰਤ ਦਾ ਸਿੱਟਾ ਕੀ ਨਿਕਲਦਾ ਹੈ? ਹਰੇਕ ਚੰਗਾ ਮੰਦਾ ਖ਼ਿਆਲ, ਹਰੇਕ ਵਿਕਾਰੀ ਜਜ਼ਬਾ, ਸਾਡੇ ਸਰੀਰ ਉੱਤੇ ਅਸਰ ਪਾਂਦਾ ਹੈ। ਸੋ, ਜਿਸ ਤੋਂ ਨਫ਼ਰਤ ਕਰ ਰਹੇ ਹਾਂ ਉਸ ਨਾਲੋਂ ਵਧੀਕ ਮਾੜਾ ਅਸਰ ਸਾਡੇ ਆਪਣੇ ਉਤੇ ਪੈਂਦਾ ਹੈ।

ਸਭ ਭੁੱਲਾਂ, ਪਾਪਾਂ ਤੇ ਗੁਨਾਹਾਂ ਦਾ ਮੂਲ ਕਾਰਨ ਖ਼ੁਦਗ਼ਰਜ਼ੀ ਹੈ ਅਤੇ ਖ਼ੁਦਗ਼ਰਜੀ ਜਹਾਲਤ ਅਗਿਆਨਤਾ ਤੋਂ ਪੈਦਾ ਹੁੰਦੀ ਹੈ। ਇਹ ਜਾਹਿਲ ਮੂਰਖ ਦਾ ਕੰਮ ਹੈ ਕਿ ਆਪਣੇ ਹੀ ਸੁਖ ਤੇ ਲਾਭ ਦਾ ਖ਼ਿਆਲ ਕਰਦਾ ਹੈ, ਭਾਵੇਂ ਏਸ ਸੁਖ ਦੇ ਟਾਕਰੇ ਤੇ ਕਿਤਨਿਆਂ ਦਾ ਹੀ ਨੁਕਸਾਨ ਹੋ ਜਾਏ; ਆਪਣੀ ਨਿੱਕੀ ਜਿਹੀ ਹਸਤੀ ਦੀ ਖ਼ਾਤਰ ਪਿਤਾ-ਪ੍ਰਭੂ ਦੇ ਵਡੇ ਪਰਵਾਰ ਦੀ ਪਰਵਾਹ ਨਹੀਂ ਕਰਦਾ। ਸੋ ਮੂਰਖ ਜਾਹਿਲ ਹੀ ਖ਼ੁਦਗ਼ਰਜ਼ ਹੁੰਦਾ ਹੈ। ਅਸਲ ਗਿਆਨੀ ਕਦੇ ਖ਼ੁਦਗਰਜ਼ ਨਹੀਂ ਹੋ ਸਕਦਾ। ਉਹ ਇਹ ਸਮਝਦਾ ਹੈ ਤੇ ਵੇਖਦਾ ਹੈ ਕਿ ਮੈਂ ਇਕ ਵਡੇ ਪਰਵਾਰ ਦਾ ਅੰਗ ਹਾਂ, ਸਾਰੇ ਸਰੀਰ ਨੂੰ ਕੋਈ ਸੁਖ ਮਿਲਿਆਂ ਮੈਨੂੰ ਨਿਕੇ ਜਿਹੇ ਅੰਗ ਨੂੰ ਭੀ ਉਹ ਸੁਖ ਮਿਲ ਜਾਏਗਾ। ਸੋ ਗਿਆਨੀ ਨਿਰਾ ਆਪਣੇ ਵਾਸਤੇ ਕਦੇ ਉਹ ਸੁਖ ਨਹੀਂ ਮੰਗਦਾ, ਜੋ ਉਹ ਸਾਰੀ ਮਨੁੱਖ-ਜਾਤੀ ਵਾਸਤੇ ਨਹੀਂ ਮੰਗਦਾ। ਨਿਰੀਆਂ ਕਿਤਾਬਾਂ ਪੜ੍ਹ ਲੈਣੀਆਂ ਗਿਆਨੀ ਦਾ ਲੱਛਣ ਨਹੀਂ ਹੈ :-



www.AKJ.Org

'ਪੜਿਆ ਮੂਰਖੁ ਆਖੀਐ ਜਿਸ ਲਬੁ ਲੋਭੁ ਅਹੰਕਾਰਾ॥'

ਕਈ ਬੰਦੇ ਆਖਦੇ ਸੁਣੀਦੇ ਹਨ-'ਫਲਾਣੇ ਬੰਦੇ ਵਿਚ ਤਾਂ ਕੋਈ ਲੱਛਣ ਇਨਸਾਨੀਅਤ ਵਾਲਾ ਨਹੀਂ ਦਿਸਦਾ।' ਇਹ ਗੱਲ ਗ਼ਲਤ ਹੈ। ਜੋ ਇਹ ਆਖਦਾ ਹੈ ਉਹ ਅਜੇ ਆਪ ਸੁਜਾਖਾ ਨਹੀਂ ਹੈ। ਜਿਸ ਬੰਦੇ ਵਿਚ ਤੁਹਾਨੂੰ ਕੋਈ 'ਗੁਣ' ਨਹੀਂ ਲਭਦਾ, ਉਸ ਵਲ ਹੋਰ ਡੂੰਘੀ ਨਿਗਾਹ ਮਾਰੋ, ਪ੍ਰੇਥੇ ਭੀ ਤੁਹਾਨੂੰ ਰੱਬ ਵੱਸਦਾ ਦਿਸੇਗਾ। ਪਰ, ਇਹ ਚੇਤਾ ਰਖੋ, ਰੱਬ ਹੀ ਰੱਬ ਨੂੰ ਪਛਾਣ ਸਕਦਾ ਹੈ। ਜਿਨ੍ਹਾਂ ਕੋੜ੍ਹੀਆਂ ਨੂੰ ਜਗਤ ਦੇ ਬੰਦਿਆਂ ਨੇ ਦੁਰਕਾਰ ਦਿਤਾ ਸੀ, ਸਤਿਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਅਪਣਾਇਆ, ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਆਪਣਾ ਪੁਤਰ ਆਖਿਆ। ਉਹ ਜਾਣਦੇ ਸਨ ਤੇ ਹਰੇਕ ਵਿਚ ਵਸਦੇ ਰੱਬ ਨੂੰ ਪਛਾਣਦੇ ਸਨ, ਕਿਉਂਕਿ ਉਹਨਾਂ ਪਹਿਲਾਂ ਆਪਣੇ ਅੰਦਰ ਬੈਠੇ ਨੂੰ ਵੇਖ ਲਿਆ ਸੀ। ਗੁਰੂ ਨਾਨਕ ਦੇਵ ਜੀ ਨੇ ਸ਼ੂਦਰਾਂ ਤੇ ਨੀਵਿਆਂ ਨਾਲ ਬੈਠ ਕੇ ਰੋਟੀ ਖਾਧੀ, ਉੱਚਿਆਂ ਨੇ ਇਹਨਾਂ ਨੂੰ 'ਕੁਰਾਹੀਆ' ਆਖਿਆ। ਗੁਰੂ ਅਮਰਦਾਸ ਜੀ ਨੇ ਇਹਨਾਂ ਨੀਵਿਆਂ ਨਾਲ ਆਪਣੇ ਲੰਗਰ ਦੀ ਸਾਂਝ ਪਾਈ, ਉੱਚਿਆਂ ਨੇ ਇਸ ਨੂੰ ਭਾਰਾ 'ਅਨਰਥ' ਸਮਝਿਆ, ਤੇ ਏਸ 'ਲੰਗਰ' ਨੂੰ ਬੰਦ ਕਰਨ ਦੇ ਕਈ ਯਤਨ, ਕੀਤੇ। ਇਹ ਲੋਕ ਆਪਣੀ ਉੱਚਤਾ ਦੀ ਅਪਣੱਤ ਵਿਚ ਵੇੜ੍ਹੇ ਪਏ ਸਨ, ਇਹਨਾਂ ਦੇ ਦੁਆਲੇ ਏਸ ਤੰਗ-ਦਿਲੀ ਦੀਆਂ ਕੰਧਾਂ ਏਤਨੀਆਂ ਉੱਚੀਆਂ ਤੇ ਮੋਟੀਆਂ ਹੋ ਚੁਕੀਆਂ ਸਨ ਕਿ ਇਹਨਾਂ ਨੂੰ ਆਪਣੇ ਅੰਦਰ ਵਸਦੇ ਪਿਤਾ-ਪ੍ਰਭੂ ਦਾ ਦੀਦਾਰ ਨਾ ਹੋਇਆ। ਇਹ ਵਿਚਾਰੇ ਉਸ ਨੂੰ ਦੂਜਿਆਂ ਵਿਚ ਕਿਵੇਂ ਵੇਖ ਸਕਦੇ ?

ਇਸ ਜੀਵਨ-ਸਫ਼ਰ ਵਿਚ ਜਿਸ ਜਿਸ ਬੰਦੇ ਨਾਲ ਅਸਾਨੂੰ ਵਾਹ ਪੈਂਦਾ ਹੈ, ਜੇ ਹਰੇਕ ਦੇ ਵਾਸਤੇ ਅਸਾਡੇ ਹਿਰਦੇ ਵਿਚ 'ਪਿਆਰ' ਪੈਦਾ ਹੋਵੇ, ਤਾਂ ਇਹ 'ਪਿਆਰ' ਦੀ ਰੌ ਉਹਨਾਂ ਦੇ ਹਿਰਦੇ ਨਾਲ ਠੋਕਰ ਖਾ ਕੇ ਓਥੇ ਭੀ ਸਾਡੇ ਵਾਸਤੇ 'ਪਿਆਰ' ਦੀਆਂ ਲਹਿਰਾਂ ਪੈਦਾ ਕਰੇਗੀ, ਜੋ ਮੁੜ ਸਾਡੇ ਹਿਰਦੇ ਵਿਚ ਅਪੜ ਕੇ ਅਸਾਨੂੰ ਠੰਢਕ ਦੇਂਦੀਆਂ ਹਨ। ਸਾਇੰਸ ਦਾ ਇਹ ਇਕ ਡੂੰਘਾ ਅਸੂਲ ਹੈ, ਏਸੇ ਦੇ ਅਧਾਰ ਤੇ ਅੰਗਰੇਜ਼ੀ ਵਿਚ ਇਹ ਅਖਾਣ ਹੈ :-

**if you would have all the world love you, you must first love all the world.**

ਭਾਵ, ਜੇ ਤੁਸੀਂ ਚਾਹੁੰਦੇ ਹੋ ਕਿ ਸਾਰੀ ਦੁਨੀਆਂ ਤੁਹਾਨੂੰ ਪਿਆਰੇ, ਤਾਂ ਪਹਿਲਾਂ ਤੁਸੀਂ ਸਾਰੇ ਜਗਤ ਨੂੰ ਪਿਆਰ ਕਰੋ। ਪਰ ਸਾਰੇ ਜਗਤ ਨੂੰ ਅਸੀਂ ਤਦੋਂ ਹੀ ਪਿਆਰ ਕਰ ਸਕਦੇ ਹਾਂ, ਜੇ ਸਭ ਥਾਂ ਪਿਤਾ-ਪ੍ਰਭੂ ਹੀ ਨਜ਼ਰੀਂ ਆਵੇ; ਤਾਹੀਏਂ ਫ਼ਰੀਦ ਜੀ ਭੀ ਆਖਦੇ ਹਨ :-

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ॥੯੫॥

ਅਸਾਡੇ 'ਖ਼ਿਆਲ' ਇਕ ਬੜੀ ਜ਼ਬਰਦਸਤ ਤਾਕਤ ਹਨ। ਜਿਤਨਾ 'ਪਿਆਰ' ਅਸੀਂ ਕਰਾਂਗੇ ਉਤਨਾ ਹੀ 'ਪਿਆਰ' ਸਾਡੇ ਨਾਲ ਕੀਤਾ ਜਾਏਗਾ। ਅਸਾਡੇ ਖ਼ਿਆਲ ਜੋ ਅਸਰ ਦੂਜਿਆ ਉਤੇ ਜਾ ਕੇ ਪਾਂਦੇ ਹਨ, ਉਸੇ ਅਸਰ ਨਾਲ ਲੱਦੇ ਹੋਏ ਮੁੜ ਸਾਡੇ ਪਾਸ ਆ ਜਾਂਣੇ ਹਨ। ਸੋ, ਇਕ ਅੰਗਰੇਜ਼ ਕਵੀ ਲਿਖਦਾ ਹੈ :-

**Then let your secret thoughts be fair-**
**They have a vital part, and share.**
**In shaping words and moulding fate;**
**God;s system is so intricate;**

ਭਾਵ, ਪਹਿਲਾਂ ਤੁਸੀਂ ਆਪਣੇ ਖ਼ਿਆਲਾਂ ਨੂੰ ਸੁਅੱਛ ਹੋਣ ਦਿਉ; ਪ੍ਰਭੂ ਦੀ ਬਣਾਈ ਮਰਯਾਦਾ ਬੜੀ ਗੁੰਝਲਦਾਰ ਹੈ, ਮਨੁੱਖ ਦੇ ਇਹਨਾ 'ਖ਼ਿਆਲਾ' ਦੇ ਆਸਰੇ ਹੀ ਉਸ ਦੇ 'ਬੋਲ' ਬਣਦੇ ਹਨ ਤੇ 'ਕਿਸਮਤ' ਘੜੀਦੀ ਹੈ। ਪਰ, ਹਰੇਕ ਨਾਲ 'ਪਿਆਰ' ਕਰਨ ਦੀ ਵਾਦੀ ਕਿਵੇਂ ਬਣੇ ? ਸਭ ਨਾਲ 'ਪਿਆਰ' ਕਰਨ ਦੀ ਵਾਦੀ ਤਾਂ ਹੀ ਬਣ ਸਕਦੀ ਹੈ, ਜੇ ਅਸੀਂ ਹਰ ਵੇਲੇ (ether) 'ਅਕਾਸ਼' ਵਿਚ ਉਹਨਾ ਹੀ ਖ਼ਿਆਲਾਂ ਦਾ ਹਿਲੂਣਾ ਦੇਂਦੇ ਰਹੀਏ ਜੋ 'ਪਿਆਰ' ਹੀ 'ਪਿਆਰ' ਦੀ ਰੌ ਚਲਾ ਦੇਣ; ਭਾਵ, ਇਹੋ ਜਿਹੇ ਪਿਆਰ-ਭਰੇ ਬਚਨ ਸਦਾ ਬੋਲਦੇ ਰਹੋ, ਜਿਹੋ ਜਿਹੇ ਗੁਰੂ ਅਰਜਨ ਸਾਹਿਬ ਹੇਠ ਲਿਖੇ ਸ਼ਬਦ ਦੀ ਰਾਹੀਂ ਉਚਾਰਦੇ ਹਨ :-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ,
ਇਹ ਸੁਮਤਿ ਸਾਧੂ ਤੇ ਪਾਈ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ,
ਪੇਖਿ ਪੇਖਿ ਨਾਨਕ ਬਿਗਸਾਈ॥੩॥੮॥

(ਕਾਨੜਾ ਮਹਲਾ ੫)

ਮਨੁੱਖ ਦਾ ਕੋਈ ਭੀ 'ਖ਼ਿਆਲ' ਜਗਤ-ਰਚਨਾ ਵਿਚ ਆਪਣਾ ਅਸਰ ਪਾਣ ਤੋਂ ਬਿਨਾਂ ਨਹੀਂ ਰਹਿ ਸਕਦਾ। ਸੋ, ਉਹ ਬੰਦਾ ਕਿਤਨਾ ਮੁਬਾਰਿਕ ਹੈ, ਜੋ ਉਪਰ-ਦਿਤੇ ਸ਼ਬਦ ਵਰਗੀ ਪਵਿੱਤਰ ਬਾਣੀ ਦੀ ਰਾਹੀਂ ਜਗਤ ਵਿਚ 'ਪਿਆਰ' ਦੀਆਂ ਲਹਿਰਾਂ ਪੈਦਾ ਕਰਦਾ ਰਹਿੰਦਾ ਹੈ। ਇਹ ਪਿਆਰ ਦੀਆਂ

ਲਹਿਰਾਂ ਉਸ ਦੇ ਆਪਣੇ ਨਾਲ ਸੰਬੰਧ ਰਖਣ ਵਾਲਿਆਂ ਵਾਸਤੇ ਹੀ ਨਹੀਂ ਸਗੋਂ ਸਾਰੇ ਜਗਤ ਲਈ ਲਾਭਦਾਇਕ ਹੁੰਦੀਆਂ ਹਨ।

ਮਨੁੱਖ ਤਾਂ ਕਿਤੇ ਰਹੇ, ਪਸ਼ੂ ਉੱਤੇ ਭੀ ਮਨੁੱਖ ਦੇ ਅੰਦਰੋਂ ਉਠੱਦੇ ਖ਼ਿਆਲਾ ਦਾ ਅਸਰ ਪੈਂਦਾ ਹੈ। ਪਸ਼ੂ ਵਲ ਰਤਾ ਪਿਆਰ ਦੀ ਨਿਗਾਹ ਨਾਲ ਤੱਕੋ, ਕਿਵੇਂ ਖ਼ੁਸ਼ ਹੁੰਦਾ ਹੈ ਤੇ ਪੂਛਲ ਹਿਲਾਉਂਦਾ ਹੈ; ਨਿੱਕੇ ਨਿੱਕੇ ਕੱਟੇ-ਕੱਟੀਆਂ ਤੇ ਵੱਛੇ-ਵੱਛੀਆਂ ਤਾਂ ਏਸ ਪਿਆਰ ਦੇ ਅਸਰ ਹੇਠ ਨੱਚਣ ਟੱਪਣ ਲੱਗ ਪੈਂਦੇ ਹਨ।

'ਪਿਆਰ' ਜ਼ਿੰਦਗੀ ਦੇ ਗੁੱਝੇ ਭੇਤਾਂ ਦੀ ਕੁੰਜੀ ਹੈ। 'ਪਿਆਰ' ਹੀ ਸਾਰੇ ਜਗਤ ਦਾ ਤੋਰਾ ਤੋਰ ਰਿਹਾ ਹੈ। 'ਪਿਆਰ' ਦੇ ਰੰਗ ਵਿਚ ਜੀਵੋ। ਸਭਨਾਂ ਪਾਸਿਆਂ ਤੋਂ 'ਪਿਆਰ' ਦੀਆਂ ਲਹਿਰਾਂ ਤੁਹਾਡੇ ਵਲ ਆਉਣਗੀਆਂ। ਨਫ਼ਰਤ ਤੇ ਈਰਖਾ ਵਿਚ ਜੇ ਟਿਕੋਗੇ ਤਾਂ ਚਾਰ ਚੁਫੇਰਿਓਂ ਇਹੀ ਲਹਿਰਾਂ ਤੁਹਾਡੇ ਹਿਰਦੇ ਨੂੰ ਆ ਨੁਕਰਾਉਣਗੀਆਂ। ਇਹ ਪੱਕਾ ਅਟੱਲ ਕੁਦਰਤੀ ਨਿਯਮ ਸਮਝੋ, ਕਿ ਜਿਸ ਕਿਸਮ ਦਾ ਖ਼ਿਆਲ ਤੁਹਾਡੇ ਅੰਦਰੋਂ ਉਠੇਗਾ, ਉਹ ਬਾਹਰੋਂ ਉਹੋ ਜਿਹਾ ਹੋਰ ਝੱਟਾ ਝੱਟ ਤੁਹਾਡੇ ਵਾਸਤੇ ਲੈ ਆਵੇਗਾ। ਇਹ ਖ਼ਿਆਲ ਫਿਰ ਮਨੁੱਖਾ-ਸਰੀਰ ਉੱਤੇ ਭੀ ਆਪਣਾ ਅਸਰ ਪਾਂਦੇ ਹਨ। ਪਿਆਰ ਦੇ ਫੁਰਨੇ ਜੀਵਨ-ਦਾਤਾ ਹਨ, ਸਿਹਤ ਅਰੋਗਤਾ ਪੈਦਾ ਕਰਦੇ ਹਨ ਤੇ ਚਿਹਰੇ ਨੂੰ ਸਦਾ ਖਿੜਿਆ ਰੱਖਦੇ ਹਨ, ਅਵਾਜ਼ ਨੂੰ ਮਿਠਾਸ ਨਾਲ ਭਰਦੇ ਹਨ ਤੇ ਹਰ ਤਰ੍ਹਾਂ ਮਨੁੱਖ ਨੂੰ ਮਨ-ਮੋਹਣਾ ਬਣਾਉਂਦੇ ਹਨ। ਪਰ ਦੂਜੇ ਪਾਸੇ, ਨਫ਼ਰਤ ਤੇ ਈਰਖਾ ਦੇ ਖ਼ਿਆਲ ਮਨੁੱਖ ਦੇ ਆਪਣੇ ਅੰਦਰ ਰੋਗ ਪੈਦਾ ਕਰਦੇ ਹਨ, ਉਸ ਦਾ ਚੇਹਰਾ ਭੀ ਭਰਿਸ਼ਟਿਆ ਰਹਿੰਦਾ ਹੈ, ਉਸ ਦੇ ਨੇੜੇ ਢੁੱਕਣ ਤੇ ਭੀ ਕਿਸੇ ਦਾ ਚਿੱਤ ਨਹੀਂ ਕਰਦਾ। ਸਾਹਿਬ ਫ਼ੁਰਮਾਂਦੇ ਹਨ :-

ਕਾਮ ਕ੍ਰੋਧ ਕਾਇਆ ਕਉ ਗਾਲੈ॥
ਜਿਉ ਕੰਚਨ ਸੁਹਾਗਾ ਢਾਲੈ॥

(ਗੁਰੂ ਨਾਨਕ)

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥

(ਗੁਰੂ ਨਾਨਕ)

ਕਈ ਲੋਕ ਇਹ ਆਖਦੇ ਸੁਣੀਦੇ ਹਨ ਕਿ ਫਲਾਣਾ ਆਦਮੀ ਸਦਾ ਮੇਰਾ ਵੈਰੀ ਬਣਿਆ ਰਹਿੰਦਾ ਹੈ, ਭਾਵੇਂ ਮੈਂ ਕਦੇ ਭੀ ਉਸ ਬਾਰੇ ਆਪਣੇ ਅੰਦਰ ਵੈਰ-ਵਿਰੋਧ ਦੇ ਖ਼ਿਆਲ ਨਹੀਂ ਉਠਣ ਦਿੱਤੇ। ਕਈ ਵਾਰੀ ਇਹੋ ਜਿਹੀ ਗੱਲ ਹੋ ਭੀ ਸਕਦੀ ਹੈ। ਪਰ ਅਮਲੀ ਜੀਵਨ ਵਿਚ ਇਹ ਗੱਲ ਆਮ ਵੇਖਣ ਵਿਚ ਆਉਂਦੀ ਹੈ ਕਿ ਮਨੁੱਖ ਜਿਤਨੇ ਵਧੀਕ ਖ਼ਿਆਲ ਪਿਆਰ ਮੁਹੱਬਤ ਵਾਲੇ ਆਪਣੇ ਅੰਦਰ ਪੈਦਾ ਕਰਦਾ ਹੈ ਉਤਨੇ ਹੀ ਘੱਟ ਉਸ ਦੇ ਵੈਰੀ ਹੁੰਦੇ ਹਨ। ਇਕ ਗੱਲ ਸਾਫ਼ ਹੈ, ਜੇ ਕੋਈ ਮਨੁੱਖ ਸਾਡੇ ਵਿਰੁੱਧ ਨਫ਼ਰਤ ਤੇ ਵੈਰ ਦੇ ਖ਼ਿਆਲ ਆਪਣੇ ਅੰਦਰੋਂ ਪੈਦਾ ਕਰ ਕੇ ਸਾਡੇ ਵਲ ਭੇਜ ਰਿਹਾ ਹੈ ਤੇ ਜੇ ਅਗੋਂ ਅਸੀਂ ਉਹਨਾਂ ਵਿਹੁਲੇ ਖ਼ਿਆਲਾਂ ਨੂੰ ਮਿਲਣ ਲਈ ਪਿਆਰ-ਭਰੇ ਖ਼ਿਆਲ ਭੇਜਾਂਗਾ, ਤਾਂ ਉਹ ਵਿਹੁਲੇ ਖ਼ਿਆਲ ਅਸਾਡਾ ਕੋਈ ਨੁਕਸਾਨ ਨਹੀਂ ਕਰ ਸਕਣਗੇ, ਸਾਡੇ ਹਿਰਦੇ ਵਿਚ ਵੈਰ ਆਦਿਕ ਦੀ ਅੱਗ ਨਹੀਂ ਬਾਲ ਸਕਣਗੇ। ਪਰ, ਜੇ ਅਸੀਂ ਨਫ਼ਰਤ ਨੂੰ ਨਫ਼ਰਤ ਨਾਲ ਹੀ ਮਿਲਦੇ ਹਾਂ, ਤਾਂ ਏਸ ਭੜਕਦੀ ਅੱਗ ਉੱਤੇ ਹੋਰ ਬਾਲਣ ਤੇ ਤੇਲ ਪਾਂਦੇ ਹਾਂ, ਜੋ ਦੋਹੇਂ ਧਿਰਾਂ ਨੂੰ ਸਾੜਦੀ ਹੈ। ਜੇ ਕਿਸੇ ਖਰ੍ਹਵੇਂ ਬੰਦੇ ਨੂੰ ਤੁਸੀ ਭੀ ਖਰ੍ਹਵੇਂ-ਪਨ ਨਾਲ ਹੀ ਮਿਲਦੇ ਹੋ, ਤਾਂ ਤੁਸੀਂ ਇਹ ਸਾਬਤ ਕਰਦੇ ਹੋ ਕਿ ਤੁਹਾਡੇ ਆਪਣੇ ਅੰਦਰ ਭੀ ਖਰ੍ਹਵਾ-ਪਨ ਮੌਜੂਦ ਹੈ, ਤੇ ਏਸੇ ਸੁਭਾਉ ਨੇ ਤੁਹਾਡੇ ਵਾਸਤੇ ਦੂਜੇ ਬੰਦੇ ਪਾਸੋਂ ਖਰ੍ਹਵਾਂ-ਪਨ ਖਿੱਚ ਕੇ ਲੈ ਆਂਦਾ ਹੈ। ਫਿਰ ਤੁਹਾਡਾ ਕੋਈ ਹੱਕ ਨਹੀਂ ਕਿ ਤੁਸੀਂ ਉਸ ਬੰਦੇ ਦੀ ਕੋਈ ਸ਼ਿਕਾਇਤ ਕਰੋ। ਪਿਆਰ-ਜੀਵਨ ਵਾਲੇ ਨੇ ਤਾਂ ਬਾਬਾ ਫ਼ਰੀਦ ਜੀ ਦੇ ਏਸ ਗਾਡੀ ਰਾਹ ਉੱਤੇ ਤੁਰਨਾ ਹੈ :-

ਫਰੀਦਾ ਜੋ ਤੈ ਮਾਰਨਿ ਮੁਕੀਆ,ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ,ਪੈਰ ਤਿਨਾ ਦੇ ਚੁੰਮਿ॥

'ਮਿਠਤ' ਇਕ ਅੰਮ੍ਰਿਤ ਹੈ, ਜੋ ਮਿਠ-ਬੋਲੇ ਉਤੇ ਅਕਾਸ਼ਾਂ ਤੋਂ ਵਰਸਦਾ ਹੈ-

'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ॥'

(ਗੁਰੂ ਨਾਨਕ ਸਾਹਿਬ ਜੀ)


## ਨਿਸ਼ਕਾਮ ਅਧਿਆਪਕਾਂ ਦੀ ਲੋੜ

ਭਾਈ ਗੁਰਦਾਸ ਪਬਲਿਕ ਸਕੂਲ ਪੱਖੋਵਾਲ ਰੋਡ ਹਲਵਾਰਾ ਜ਼ਿਲਾ ਲੁਧਿਆਣਾ ਵਿਖੇ ਅੰਮ੍ਰਿਤਧਾਰੀ ਬੱਚਿਆਂ ਵਾਸਤੇ ਅਗਲੇ ਸ਼ੈਸ਼ਨ ਦੀਆਂ ਕਲਾਸਾਂ ਲਈ ਦਾਖਲਾ ਸ਼ੁਰੂ ਹੈ। ਇਸ ਸਕੂਲ ਦੇ ਸਾਰੇ ਵਿਦਿਆਹਥੀ ਅਤੇ ਸਟਾਫ਼ ਅੰਮ੍ਰਿਤਧਾਰੀ ਹੈ। ਨਿਸ਼ਕਾਮ ਸੇਵਾ ਕਰਨ ਦੇ ਚਾਹਵਾਨ ਕੇਸਕੀ ਸੰਯੁਕਤ ਅੰਮ੍ਰਿਤਧਾਰੀ ਅਧਿਆਪਕ ਅਧਿਆਪਕਾਵਾਂ ਕ੍ਰਿਪਾ ਕਰਕੇ ਸੰਪਰਕ ਕਰਨ। ਅਧਿਆਪਕ, ਅਧਿਆਪਕਾਵਾਂ ਤੇ ਵਿਦਿਆਥੀਆਂ ਲਈ ਹੋਸਟਲ, ਲੰਗਰ ਆਦਿ ਦਾ ਪੂਰਾ ਪ੍ਰਬੰਧ ਹੈ।




www.AKJ.Org

# ਅਲੌਕਿਕ ਵੈਸਾਖੀ

(ਪ੍ਰਿੰਸੀਪਲ ਹਰਿਭਜਨ ਸਿੰਘ ਜੀ)

ਜੋ ਸਮਾਂ ਕਾਦਰ ਦੀ ਕੁਦਰਤ ਦੇ ਜ਼ਹੂਰ ਤੋਂ ਪਹਿਲਾਂ ਕੇਵਲ ਸ੍ਰੀ ਨਿਰੰਕਾਰ ਜੀ ਦੇ 'ਧੁੰਧੂਕਾਰਾ' ਵਿਚ ਅਫੁਰ ਸਮਾਇਆ ਹੋਇਆ ਸੀ, ਉਸ ਦਾ ਮੁੱਢ 'ਕਰਤਾਰ' ਜੀ ਦੇ ਉਦਕਰਖ ਕਰਨ ਨਾਲ ਵਿਸੁਏ ਚਸਿਆਂ,ਪਲਾਂ, ਘੜੀਆਂ, ਪਹਿਰਾਂ, ਥਿਤਾਂ, ਵਾਰਾਂ, ਮਾਹਾਂ, ਵਰ੍ਹਿਆਂ ਤੇ ਸ਼ਤਾਬਦੀਆਂ ਦੀ ਸਮੇਂ-ਵੰਡ ਵਿਚ ਬੱਝ ਗਿਆ। ਸਮੇਂ ਦੀ ਇਸ ਤੌਰ ਦੇ ਮੋਢੀਆਂ-ਚੰਦ ਤੇ ਸੂਰਜ-ਦੀ ਚਾਲ ਨਾਲ ਦਿਨ ਦਿਹਾਰ ਤੇ ਤਿਉਹਾਰ ਜੋੜੇ ਤੇ ਮਨਾਏ ਜਾਣ ਲਗੇ। ਵੈਸਾਖੀ, ਵੈਸਾਖ ਦੇ ਮਹੀਨੇ ਦੀ ਸੰਕ੍ਰਾਂਤ ਅਥਵਾ ਇਸ ਦਾ ਪਹਿਲਾ ਦਿਨ ਹੈ। ਵੈਸਾਖ ਨਛੱਤਰ, ਜੋ ਸਤਾਈ ਨਛੱਤਰਾਂ ਵਿਚੋਂ ਸੋਲ੍ਹਵਾਂ ਨਛੱਤਰ ਹੈ, ਵਾਲੀ ਪੂਰਨਮਾਸ਼ੀ ਇਸ ਮਾਹ ਵਿਚ ਆਉਣ ਕਾਰਨ ਇਸ ਦੀ ਸੰਗਿਆ-ਵੈਸਾਖ ਪੈ ਗਈ।

ਆਦਿ ਕਾਲ ਤੋਂ ਇਹ 'ਵੈਸਾਖ ਭਲਾ' ਹਰ ਸਾਲ ਨਿਯਤ ਸਮੇਂ ਆਉਂਦਾ ਰਿਹਾ ਹੈ ਅਤੇ ਬਨਾਸਪਤੀ, ਪੱਤਝੜ ਉਪਰੰਤ ਨਵੀਆਂ ਪੱਤੀਆਂ ਤੇ ਕਰੂੰਬਲਾਂ ਦੀ ਸ਼ਕਲ ਵਿਚ ਨਵਾਂ ਵੇਸ (ਰੂਪ) ਧਾਰਦੀ ਆਈ ਹੈ। ਕਾਲ ਦੇ ਅਕਵੇਂ ਵੇਗ ਦਾ ਇਹ ਸਿਲਸਿਲਾ ਜਦ ਤਕ 'ਕਰਤਾਰ' 'ਆਕਰਖ' ਕਰ ਕੇ ਸਭ ਕੁਝ ਆਪਣੇ ਆਪ ਵਿਚ ਸਮੇਟ ਨਹੀਂ ਲੈਂਦਾ, ਜਾਰੀ ਰਹੇਗਾ।

ਜਿਵੇਂ ਰੁੱਤਾਂ ਦੀ ਬਦਲੀ ਨਾਲ ਬਨਾਸਪਤੀ ਵਿਚ ਪਤ-ਝੜ ਆਉਣ ਦਾ ਨੇਮ ਹੈ, ਕੁਝ ਇਵੇਂ ਹੀ ਮਨੁੱਖਤਾ ਦੇ ਮਨ ਦੀਆ ਕਿਆਰੀਆਂ ਵਿਚ ਵੀ ਇਹ ਵੀਰਾਨਾ-ਪਨ ਆਉਂਦਾ ਹੀ ਰਿਹਾ ਹੈ। ਜਦ ਜਦ ਵੀ ਮਨੁੱਖ ਵਿਚ ਈਰਖਾ, ਦਵੈਖ, ਹਉਮੈ, ਸਵਾਰਥ, ਜਬਰ, ਤੱਅਦੀ ਤੇ ਹਿੰਸਕ ਰੁਚੀਆਂ ਵਧੀਆਂ ਤੇ ਮਨਾਂ ਦੇ ਸਦਗੁਣਾਂ ਦੀ ਰਮਣੀਕ ਫੁਲਵਾੜੀ ਔਗੁਣਾਂ ਦੇ ਉਦਿਆਨ ਵਿਚ ਬਦਲੀ ਤਾਂ ਮਨੁੱਖਤਾ ਦੀ ਬਹੁੜੀ ਕਰਨ ਲਈ ਕਰਤਾਰ ਕੌਤਕਹਾਰ ਨੇ ਤਰੁੱਠ ਕੇ, ਕਿਸੇ ਨਿਵਾਜੀ-ਵਿਅਕਤੀ ਨੂੰ ਥਾਪੜਾ ਦੇ ਕੇ ਸੰਸਾਰ ਉਤੇ ਭੇਜਿਆ। ਜਿਸ ਨੇ ਪਿਆਰਾਂ ਤੇ ਉਪਕਾਰਾਂ ਦੀ ਛਹਿਬਰ ਲਾ ਕੇ ਤੇ ਆਪੇ ਦੀ ਸੋਝੀ ਦੁਆ ਕੇ ਇਸ ਫੁਲਵਾੜੀ ਵਿਚ ਖੇੜੇ ਲਿਆਂਦੇ; ਜੀਵਨ-ਮਨੋਰਥ ਦੀਆਂ ਪੱਧਰਾਂ, ਉਚਿਆਈਆਂ ਤੇ ਕਿਸੇ ਦਾ ਸੁਖ ਖੋਹ ਲੈਣ ਦੀ ਥਾਂ ਸੁਖ ਦੇਣ ਤੇ ਦਰਦ-ਵੰਡਾਉਣ ਵਿਚ 'ਘਣਾ ਅਨੰਦ' ਪ੍ਰਤੀਤ ਕਰਨ ਦਾ ਭੇਤ ਸਮਝਾਇਆ।

ਮਨੁੱਖ ਦੇ ਇਤਿਹਾਸ ਦੀ ਇਸ ਤੋਰ ਵਿਚ ਇਕ ਵੇਰ ਇਕ ਸਮਾਂ ਅਜਿਹਾ ਵੀ ਆਇਆ, ਜਦ ਇਸ ਦਾ ਜੀਵਨ ਏਥੋਂ ਤਕ ਨਿੱਘਰ ਗਿਆ ਕਿ ਰਾਜੇ ਜੋ ਪਰਜਾ ਦੇ ਰਾਖੇ ਸਨ, ਉਹ ਸ਼ੀਂਹ ਵਾਂਗ ਖ਼ੂੰਖ਼ਾਰ ਹੋ ਗਏ ਤੇ 'ਮੁਕੱਦਮ' ਕੁੱਤਿਆਂ ਵਾਂਗ ਲੋਭੀ ਵਾੜ ਹੀ ਖੇਤ ਨੂੰ ਖਾਣ ਲਗੀ। ਪਰਜਾ ਗਿਆਨ-ਹੀਨ ਹੋ, ਦੂਜਿਆਂ ਦੇ ਹੱਕ ਉਤੇ ਛਾਪਾ ਮਾਰ 'ਮੁਰਦਾਰ' ਖਾਣ ਵਿਚ ਰੁੱਝ ਗਈ। ਸੱਚ ਦਾ ਕਾਲ ਪੈ ਗਿਆ, ਤੇ ਹਰ ਪਾਸੇ ਕੂੜ ਹੀ ਕੂੜ ਪਰਧਾਨ ਦਿਸ ਆਇਆ। ਨਿਆਂ-ਦਾਤੇ ਕਾਜ਼ੀ, ਵੱਢੀਆਂ ਲੈ ਕੇ ਹੱਕ-ਇਨਸਾਫ਼ ਦਾ ਖ਼ੂਨ ਕਰ ਕੇ ਸੱਚ ਦਾ ਗਲਾ ਘੁੱਟਣ ਲਗੇ। ਧਾਰਮਿਕ ਆਗੂ ਸੱਚ-ਧਰਮ ਦੀ ਇਕਾਈ ਨੂੰ ਸਮਝਣ-ਸਮਝਾਉਣ ਦੀ ਥਾਂ 'ਆਪਣੇ ਆਪਣੇ ਅਨੁਯਾਈਆਂ ਦੇ ਲਾਉ-ਲਸ਼ਕਰਾਂ ਸਮੇਤ ਖਹਿ ਖਹਿ ਮਰ ਰਹੇ ਸਨ। ਗੱਲ ਕੀ, ਲੋਭ-ਲਹਿਰ ਦੀ ਤਿੱਖੀ ਮਾਰ ਹੇਠ ਆਈ ਮਨੁੱਖ-ਮਨਾਂ ਦੀ ਫੁਲਵਾੜੀ ਦਾ ਕੋਟਾਂ ਵਿਚੋਂ ਕੋਈ ਵਿਰਲਾ ਬੂਟਾ ਹੀ ਹਰਿਆ ਭਰਿਆ ਦਿਸਦਾ ਸੀ। ਹਰ ਪਾਸੇ ਸਹਿਮ, ਤ੍ਰਿਸ਼ਨਾ, ਹਉਮੈ ਤੇ ਲੁਟ-ਖਸੁਟ ਦੇ ਕਾਰਨ ਸੰਸਾਰ ਵਿਚ ਇਕ ਅਜੀਬ ਕੁਹਰਾਮ ਮੱਚ ਗਿਆ ਸੀ।

ਆਖ਼ਰ ਮਨੁੱਖ ਦੀ ਪੀੜਤ ਆਤਮਾ ਦੀ ਪੁਕਾਰ ਪ੍ਰਭੂ ਪਿਤਾ ਦੇ ਦਰ ਪੁੱਜੀ। ਉਹ ਤਰੁੱਠਿਆ ਤੇ ਉਸ ਨੇ ਆਪਣੀ ਮੇਹਰ ਨੂੰ ਨਿਰੰਕਾਰੀ ਨਾਨਕ ਜੀ ਦੇ ਰੂਪ ਵਿਚ ਮੂਰਤੀਮਾਨ ਕੀਤਾ, ਜਿਨ੍ਹਾਂ ਨੇ ਕੂੜ ਦੀ ਪਾਲ (ਕੰਧ) ਨੂੰ ਤੋੜ ਕੇ, ਸਚਿਆਰੇ ਬਣਨ ਹਿਤ, ਰਜ਼ਾ ਵਾਲੇ ਪ੍ਰਭੂ ਦੇ ਹੁਕਮ ਵਿਚ ਚੱਲਣ ਦੀ ਵਿਧੀ ਸਮਝਾਈ। ਸੱਚੇ ਰੱਬ ਦੀ ਸੱਚੀ ਟਕਸਾਲ ਵਿਚ ਮਨੁੱਖ-ਚਲਣ ਨੂੰ ਘੜਨ ਹਿਤ ਇਕ ਨਹੀਂ, ਸਗੋਂ ਦਸ ਜਾਮੇ ਧਾਰੇ। ਨਿਰੰਕਾਰੀ ਬਾਬੇ ਦਾ ਦਾਅਵਾ ਸੀ ਕਿ ਘਰ ਘਰ ਵਿਚ ਧਰਮਸਾਲ ਹੋਵੇਗੀ, ਓਥੇ ਹਰੀ-ਕੀਰਤਨ ਦੀ ਧੁੱਨ ਉੱਠੇਗੀ ਅਤੇ ਹਰ ਸਵੇਰ ਵਸੋਆ (ਵੈਸਾਖੀ, ਨੌ-ਰੋਜ਼, ਚਾਵਾਂ ਮਲ੍ਹਾਰਾਂ ਦਾ ਦਿਨ) ਹੋਵੇਗਾ।

ਸਮਾਂ ਬੀਤਦਾ ਗਿਆ, ਵੈਸਾਖੀ ਆਉਂਦੀ ਤੇ ਜਾਂਦੀ ਰਹੀ। ਬਾਬੇ ਦੇ ਸਾਦਿਕ ਸਿਖਾਂ ਦੇ ਘਰ ਧਰਮਸਾਲਾਂ ਵਿਚ ਬਦਲ ਗਏ, ਹਰੀ-ਕੀਰਤਨ ਦੀਆਂ ਗੂੰਜਾਂ ਪੈਣ ਲਗੀਆਂ, ਗਰੀਬ ਦਾ ਮੂੰਹ ਗੁਰੂ ਕੀ ਗੋਲਕ ਸਮਝਿਆ ਜਾਣ ਲਗਾ ਅਤੇ ਨਾਮ ਜਪਣ, ਧਰਮ ਦੀ ਕਿਰਤ ਕਰਨ ਦੇ ਨਾਲ ਨਾਲ ਵੰਡ ਕੇ ਛਕਣ ਦੀ ਮਰਯਾਦਾ ਪਰਪੱਕ ਹੁੰਦੀ ਗਈ। ਹਰੇਕ ਘਰ ਦਾ ਲੰਗਰ, ਗੁਰੂ ਕੇ ਲੰਗਰ ਵਿਚ ਬਦਲ ਗਿਆ। ਪਰੰਤੂ ਅਜੇ ਉਹ ਔਖੀ ਵੈਸਾਖੀ ਆਉਣੀ ਸੀ ਜਿਸ ਦੀ ਆਮਦ ਦੀ ਤਿਆਰੀ ਵਿਚ ਇੰਨਾ ਕੁਝ ਕੀਤਾ ਅਤੇ ੨੩੦ ਸਾਲ ਦਾ ਇਹ ਲੰਮਾ ਸਮਾਂ ਲਾਇਆ ਜਾ ਰਿਹਾ ਸੀ।

ਆਖ਼ਰ ਮਨੁੱਖ ਦੇ ਸੁਭਾਗ ਨੂੰ ਉਹ ਸੁਭਾਗੀ ਵੈਸਾਖੀ



www.AKJ.Org

ਆ ਗਈ, ਜਿਸ ਦਿਨ ਮਨੁੱਖ-ਆਚਰਨ ਦੇ ਓਸ ਮਹੱਲ ਦੀ ਸੰਪੂਰਨਤਾ ਹੋਣੀ ਸੀ ਜਿਸਦੀ ਬੁਨਿਆਦ, ਅਰਸ਼ੀ ਨਾਨਕ ਨੇ ਰਾਵੀ ਦੇ ਬੇਲਿਆਂ, ਸੁਮੇਰ ਪਰਬਤ ਦੀਆਂ ਬਿਖਮ ਘਾਟੀਆਂ, ਅਰਬ ਦੇ ਮਾਰੂ ਥਲਾਂ ਤੇ ਭਿਆਨਕ ਜੰਗਲਾਂ-ਬੀਆਬਾਨਾਂ ਵਿਚ ਧੁਰੋਂ-ਆਈ ਅਜਿਹੀ ਬਾਣੀ ਨੂੰ, ਕਿਸੇ ਵਜਦ ਵਿਚ ਇਉਂ ਗਾਂਦਿਆਂ ਗਾਂਦਿਆਂ ਰੱਖੀ ਸੀ-

(੧) ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ,
ਅਵਰੁ ਨਾਹੀ ਥਾਉ॥
(ਸਿਰੀ ਰਾਗ ਮ: ੧ ਪੰਨਾ ੧੪)

(੨) ਸਚਹੁ ਓਰੈ ਸਭ ਕੋ, ਉਪਰਿ ਸਚੁ ਆਚਾਰੁ॥
(ਸਿਰੀ ਰਾਗ ਮ: ੧, ਪੰਨਾ ੬੨)

(੩) ਸੰਸਾਰੁ ਰੋਗੀ, ਨਾਮ ਦਾਰੂ, ਮੈਲੁ ਲਾਗੈ ਸਚ ਬਿਨਾ॥
(ਧਨਾਸਰੀ ਮ: ੧, ਪੰਨਾ ੬੮੭)

(੪) ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆਂ ਤਤੁ॥
(ਸਲੋਕ ਮ: ੧, ਆਸਾ ਦੀ ਵਾਰ)

(੫)ਹਕੁ ਪਰਾਇਆ ਨਾਨਕਾ,ਉਸੁ ਸੂਅਰ ਉਸੁ ਗਾਇ॥
(ਮਾਝ ਮ: ੧, ਪੰਨਾ ੧੪੧)

(੬) ਮਨਿ ਜੀਤੈ, ਜਗੁ ਜੀਤੁ,, (ਜਪੁਜੀ ਸਾਹਿਬ)

ਨਿਰੰਕਾਰੀ ਬਾਬੇ ਦੀ 'ਓਹਾ' ਜੋਤ ਤੇ ਸਾਈ' ਜੁਗਤੀ ਵਿਚ ਵਿਚਰਨ ਵਾਲੇ ਸ੍ਰੀ ਦਸਮੇਸ਼ ਜੀ ਨੇ ਇਸ ਵਾਰੀ ਸੰਗਤਾਂ ਨੂੰ ਉਚੇਚੇ ਸੱਦੇ ਭੇਜੇ ਕਿ ਉਹ ਵੈਸਾਖੀ ਸਮੇਂ ਹੁਮ ਹੁਮਾ ਕੇ ਸ੍ਰੀ ਅਨੰਦਪੁਰ ਪੁੱਜਣ। ਸੋ, ਦੇਸ਼ ਭਰ 'ਚੋਂ ਹਜ਼ਾਰਾਂ ਗੁਰੂ ਕੇ ਸਿਖ ਲੰਮੇ ਪੈਂਡੇ ਝਾਗਦੇ, ਗੁਰੂ ਦਰਸ਼ਨਾਂ ਲਈ ਪੁੱਜੇ। ਸ੍ਰੀ ਅਨੰਦਪੁਰ ਵਿਖੇ ਇਸ ਵਾਰੀ ਵਿਸ਼ੇਸ਼ ਉਤਸ਼ਾਹ ਤੇ ਰੌਣਕ ਸੀ।

ਆਖ਼ਰ ਸੰਮਤ ੧੭੫੬ ਦੀ ਵੈਸਾਖੀ ਦੇ ਪਾਵਨ ਦਿਨ ਦੀ ਉਹ ਘੜੀ ਆਈ ਜਦ ਮਾਨਵਤਾ ਦੀ ਜਿੱਤ ਦੀ ਜੈ ਜੈ ਕਾਰ ਹੋਣੀ ਸੀ; ਜਦ ਇਕ ਦੋ ਤਿੰਨ ਦੀਆਂ ਵੰਡਾ ਤੇ ਵਿਤਕਰਿਆ ਦੇ ਸਭ ਆਇਨ (ਵਿਧਾਨ) ਮਨਸੂਖ ਹੋਣੇ ਤੇ ਹਰ ਖੇਤਰ ਵਿਚ ਮਨੁੱਖੀ ਸਮਾਨਤਾ ਦਾ ਬੋਲਬਾਲਾ ਹੋਣਾ ਸੀ; ਜਦ 'ਏਕੁ ਪਿਤਾ ਏਕਸੁ ਕੇ ਹਮ ਬਾਰਿਕ' ਤੇ ਹੱਕੀ ਨਾਂਅਰੇ ਦਾ ਇਕ ਆਜਬ ਢੰਗ ਨਾਲ ਪ੍ਰਗਟਾਵਾ ਹੋਣਾ ਸੀ; ਜਦ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਉਹ ਨਾਟਕ ਖੇਡਿਆ ਜਾਣਾ ਸੀ ਜਿਸ ਨੂੰ ਇਨਸਾਨ ਰਹਿੰਦੀ ਦੁਨਿਆ ਤਕ ਨਾ ਭੁੱਲੇ; ਜਦ ਪੂਰਨ ਮਨੁੱਖ ਖ਼ਾਲਸੇ ਦੇ ਜਹੂਰ ਵਿਚ ਆਉਣਾ, ਗੁਰੂ ਨੇ ਚੇਲਿਆ ਤੋ ਦੀਖਸ਼ਤ ਹੋਣਾ ਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਣਾ ਸੀ। ਇਨ੍ਹਾਂ ਦੈਵੀ ਕੀਮਤਾ ਤੋ ਬਿਨਾਂ ਜੀਵਨ ਥੋਥਾ, ਅਧੂਰਾ ਤੇ ਉਲਾਰ ਵਾਲਾ ਸੀ।

ਵੇਖੋ, ਹੁਣ ਇਸ ਅਦੁਤੀ ਨਾਟਕ ਖੇਡਣਹਾਰ-ਕਲਗੀਆ ਤੇ ਚਿਟਿਆ ਬਾਜ਼ਾਂ ਵਾਲੇ ਗੁਰਦੇਵ-੧੧ ਮਹੀਨੇ, ੧੧ਦਿਨ ਤੇ ੧੧ ਘੜੀਆਂ, ਏਕਾਂਤ, ਡੂੰਘੀ ਵਿਚਾਰ ਤੇ ਵੈਰਾਗਮਈ ਅਵਸਥਾ ਵਿਚ ਰਹਿਣ ਉਪਰੰਤ ਨੰਗੀ ਸ੍ਰੀ ਸਾਹਿਬ ਹੱਥ ਵਿਚ ਫੜੀ, ਕਿਸ ਜਾਹ-ਜਲਾਲ ਵਿਚ ਦੀਵਾਨ ਵਿਚ ਆਏ ਤੇ ਕਿਵੇਂ ਬੀਰ-ਰਸੀ ਕੜਕਵੀਂ ਆਵਾਜ਼ ਵਿਚ ਸਿਖਾਂ ਤੋਂ ਸਿਰਾਂ ਦੀ ਮੰਗ ਕੀਤੀ ਹੈ, ਅਤੇ ਉਹ ਵੀ ਬਿਨਾਂ ਕੋਈ ਕਾਰਨ ਦੱਸੇ। ਸਾਰੇ ਸੱਨਾਟਾ ਛਾ ਗਿਆ। ਸੰਗਤਾਂ ਹੱਕੀਆਂ ਬੱਕੀਆਂ ਰਹਿ ਗਈਆਂ ਤੇ ਸੋਚਿਆ ਕਿ ਪਹਿਲੇ ਸਤਿਗੁਰਾਂ ਨੇ ਤਾਂ ਕਦੀ ਅਜਿਹਾ ਪਰਚਾ ਨਹੀਂ ਪਾਇਆ ਸੀ। ਜਿਹੜੇ ਸਿਖ ਜਿਤਨੇ ਦਿਮਾਗ਼ੀ ਤੌਰ ਉਤੇ ਵਧੇਰੇ ਸਿਆਣੇ ਸਨ ਉਹ ਉਤਨੇ ਹੀ ਵਧੇਰੇ ਘਬਰਾਏ। ਸ੍ਰੀ ਗੁਰੂ ਜੀ ਨ ਵਧੇਰੇ ਜਲਾਲ ਵਿਚ ਆ ਕੇ ਫਿਰ ਸਿਰ ਦੀ ਮੰਗ ਦੁਹਰਾਈ। ਆਖ਼ਰ ਲਾਹੌਰ ਦੇ ਭਾਈ ਦਯਾ ਰਾਮ ਜੀ ਖੱਤਰੀ ਨੇ ਗਲ ਵਿਚ ਪੱਲਾ ਪਾ ਕੇ ਜੋਦੜੀ ਕੀਤੀ, 'ਦਾਤਾ ਇਹ ਸਿਰ ਤੇਰਾ ਹੈ, ਜਿਸ ਲੇਖੇ ਚਾਹੋ ਲਾਵੋ ਤੇ ਸਫਲ ਕਰੋ। ਗੁਰਦੇਵ ਉਸ ਨੂੰ ਨਾਲ ਹੀ ਠੇਰੀ ਉਤੇ ਲਗੇ ਤੰਬੂ ਵਿਚ ਲੈ ਗਏ ਤੇ ਫਰ ਲਹੂ-ਭਿੱਜੀ ਤਲਵਾਰ ਹਥ-ਲਈ ਆ ਕੜਕੇ ਕਿ ਇਕ ਹੋਰ ਸਿਰ ਦੀ ਲੋੜ ਹੈ। ਕਈਆਂ ਦਾ ਖ਼ਿਆਲ ਸੀ, ਕਿ ਸ਼ਾਇਦ ਸਤਿਗੁਰੂ ਜੀ ਦਾ ਭਾਂਵ ਸੱਚੀ-ਮੁੱਚੀਂ ਸਿਰ ਲੈਣ ਤੋਂ ਨਾ ਹੋਵੇ, ਪਰ ਲਹੂ ਨਾਲ ਭਿੱਜੀ ਤਲਵਾਰ ਨੇ ਰਹਿੰਦਾ-ਖੂੰਹਦਾ ਸੰਸਾ ਵੀ ਕੱਢ ਦਿਤਾ। ਪਰੰਤੂ ਸਤਿਗੁਰਾਂ ਦੀ ਇਸ ਦੂਜੀ ਲਲਕਾਰ ਦੇ ਉੱਤਰ ਵਿਚ ਭਾ: ਧਰਮ ਚੰਦ (ਜੱਟ), ਤੀਜੀ ਦੇ ਭਾਈ ਹਿੰਮਤ ਰਾਏ (ਕਹਾਰ) ਚੌਥੀ ਦੇ ਭਾਈ ਮੁਹਕਮ ਚੰਦ (ਛੀਂਬੇ) ਅਤੇ ਪੰਜਵੀਂ ਦੇ ਭਾਈ ਸਾਹਿਬ ਚੰਦ ਜੀ (ਨਾਈ) ਨਿੱਤਰੇ ਤੇ ਸਿਰਾਂ ਨੂੰ ਸਤਿਗੁਰੂ ਜੀ ਦੇ ਹਵਾਲੇ ਕੀਤਾ। ਸਤਿਗੁਰੂ ਜੀ ਦੇ ਹਰ ਵਾਰ ਲਹੂ-ਭਿੱਜੀ ਤਲਵਾਰ ਲੈ ਕੇ ਦੀਵਾਨ ਵਿਚ ਆਉਣ ਨੇ, ਪ੍ਰੀਖਿਆ ਦੇ ਇਸ ਪਰਚੇ ਨੂੰ ਹਰ ਵਾਰੀ ਵਧੇਰੇ ਬਿਖਮ ਤੇ ਭਿਆਨਕ ਬਣਾ ਦਿਤਾ ਸੀ। ਸੋ, ਹੁਣ ਤਕ ਦਿਲ ਹਾਰ ਜਾਣ ਵਾਲੇ ਸਿਦਕਹੀਨਾਂ ਦੇ ਦੀਵਾਨ ਵਿਚੋਂ ਖਿਸਕਣ ਦੇ ਕਾਰਨ ਦੀਵਾਨ ਦੀ ਹਾਜ਼ਰੀ ਪਹਿਲੋਂ ਨਾਲੋਂ ਹੌਲੀ ਪੈ ਚੁਕੀ ਸੀ।

ਐਤਕੀਂ ਗੁਰਦੇਵ, ਪਹਿਲੇ ਵਾਂਗ ਸ਼ੀਘਰ ਹੀ ਹੋਰ ਸਿਰ ਮੰਗਣ ਲਈ ਦੀਵਾਨ ਵਿਚ ਨਾ ਪਰਤੇ, ਸਗੋਂ ਕੁਝ ਸਮੇਂ ਉਪਰੰਤ ਜਦ ਪਧਾਰੇ ਤਾਂ ਸੋਹਣੇ ਬਸਤਰਾਂ ਸ਼ਸਤਰਾਂ ਨਾਲ ਸਜੇ ਉਹ ਪੰਜ ਸਿਖ ਵੀ ਨਾਲ ਹੀ ਸਨ, ਜਿਨ੍ਹਾਂ ਨੇ ਬਿਨਾਂ ਕਿੰਤੂ ਕੀਤੇ ਜਾਂ ਇਹ ਪੁਛੇ ਦੇ ਕਿ ਇਹ ਸਿਰ ਕਿਉਂ ਤੇ ਕਾਹਦੇ ਲਈ ਚਾਹੀਦੇ ਹਨ, ਸੀਸ ਭੇਟ ਕੀਤੇ ਸਨ ਤੇ ਆਪਾ



www.AKJ.Org

ਵਾਰਿਆ ਸੀ। ਇਹ ਅਲੌਕਿਕ ਦ੍ਰਿਸ਼ ਦੇਖ, ਸਭ ਨੂੰ ਹੈਰਾਨੀ ਹੋਈ ਤੇ ਪਛਤਾਵਾ ਵੀ, ਜੁ ਉਹ ਸਤਿਗੁਰੂ ਨੂੰ ਸਿਰ ਭੇਟ ਕਰਨ ਵਿਚ ਕਿਉਂ ਪਿੱਛੇ ਰਹਿ ਗਏ। ਘਬਰਾ ਕੇ, ਡਰਦੇ ਮਾਰੇ ਨੱਸੇ ਲੋਕ ਵੀ, ਜਿਵੇਂ ਜਿਵੇਂ ਇਹ ਨਵੀਂ ਖ਼ਬਰ ਸੁਣੀ, ਦੀਵਾਨ ਵਿਚ ਪਰਤ ਆਏ।

ਸਤਿਗੁਰੂ ਜੀ ਨੇ ਸਭ ਨੂੰ ਦਿਲਾਸਾ ਦਿਤਾ। ਖੰਡਾ, ਬਾਟਾ ਆਦਿ ਮੰਗਵਾਇਆ ਤੇ ਪੰਜਾਂ ਬਾਣੀਆਂ- ਜਪੁਜੀ ਸਾਹਿਬ, ਜਾਪ ਸਾਹਿਬ, ਸੁਧਾ ਸਵੱਯੇ, ਚੌਪਈ ਤੇ ਸ੍ਰੀ ਅਨੰਦ ਸਾਹਿਬ ਦਾ ਪਾਠ ਕਰਦਿਆਂ ਵਿਧੀ ਸੰਯੁਕਤ ਅੰਮ੍ਰਿਤ ਤਿਆਰ ਕੀਤਾ, ਪੰਜਾਂ ਪਰਵਾਨ-ਹੋਇਆਂ ਨੂੰ ਛਕਾਇਆ ਤੇ ਹਰੇਕ ਦੇ ਨਾਮ ਪਿਛੇ ਸਿੰਘ ਪਦ ਲਾਉਣ ਉਪਰੰਤ ਕੁਝ ਇਸ ਭਾਵ ਦੇ ਸ਼ਬਦਾਂ ਨਾਲ ਉਨ੍ਹਾਂ ਨੂੰ ਸੰਬੋਧਨ ਕੀਤਾ-

"ਅਜ ਤੋਂ ਤੁਹਾਡਾ ਗੁਰੂ ਘਰ ਵਿਚ ਨਵਾਂ ਜਨਮ ਹੋਇਆ ਹੈ। ਪਿਛਲੀਆਂ ਜਾਤਾਂ, ਗੋਤਾਂ, ਆਦਿ ਦੇ ਸਭ ਵਿਤਕਰੇ ਖ਼ਤਮ ਹੋਏ ਹਨ। ਅਜ ਤੋਂ ਤੁਸੀਂ 'ਵਾਹਿਗੁਰੂ ਜੀ ਕਾ ਖ਼ਾਲਸਾ' ਮੇਰੇ ਪਿਆਰੇ ਤੇ ਭਾਈ ਭਾਈ ਹੋ। ਸਦਾ ਕੇਵਲ ਇਕ ਅਕਾਲ ਦੀ ਟੇਕ ਰਖਣੀ ਤੇ ਓਸੇ ਦੀ ਜਾਗਦੀ ਜੋਤਿ ਨੂੰ ਜਪਣਾ; ਕਿਸੇ ਦੇਵੀ ਦੇਵਤੇ, ਗੋਰ ਮੜ੍ਹੀ, ਮਠ ਆਦਿ ਨੂੰ ਭੁਲ ਕੇ ਵੀ ਨਹੀਂ ਮੰਨਣਾ। ਹੁਣ ਤੋਂ ਤੁਸੀ ਮੇਰਾ 'ਖ਼ਾਸ ਰੂਪ ਖ਼ਾਲਸਾ ਹੋ।' ਮੇਰੀ ਰਹਿਣੀ, ਮੇਰੀ ਕਰਨੀ, ਤੁਹਾਡੀ ਕਰਨੀ ਤੇ ਰਹਿਣੀ ਹੋਵੇਗੀ। ਗੁਰੂ ਸਦਾ ਅੰਗ ਸੰਗ ਹੋਵੇਗਾ, ਇਤਿ ਆਦਿ।"

ਪ੍ਰੇਮ ਦੇ ਇਸ 'ਉਲਟੇ ਖੇਲ' ਵਿਚ ਇਕ ਹੋਰ ਅਤਿ ਬਚਿੱਤਰ ਝਾਕੀ ਓਦੋਂ ਵਾਪਰੀ ਜਦ ਅੰਮ੍ਰਿਤ ਦਾਤਾ, ਸ੍ਰੀ ਦਸਮੇਸ਼ ਜੀ ਨੇ, ਗੋਡਿਆਂ ਪਰਨੇ ਹੋ, ਇਨ੍ਹਾਂ ਗੁਰੂ-ਰੂਪ ਹੋ ਚੁਕੇ ਪੰਜਾਂ ਪਿਆਰਿਆਂ ਅਗੇ ਹੱਥ ਜੋੜ ਜਾਚਨਾ ਕੀਤੀ ਕਿ ਹੁਣ ਇਹ ਅੰਮ੍ਰਿਤ ਦੀ ਦਾਤ ਉਨ੍ਹਾਂ ਨੂੰ ਵੀ ਬਖ਼ਸ਼ੀ ਜਾਵੇ। ਸਤਿਗੁਰਾਂ ਦੇ ਇਸ ਕਰਤੱਵ ਨੇ ਸਭ ਨੇਤਰ ਸਜਲ ਕਰ ਦਿਤੇ। ਸਭ ਪ੍ਰੇਮ-ਮੁਗਧ ਹੋ ਗੁਰਦੇਵ ਦੇ ਚਰਨ-ਕੰਵਲਾਂ ਤੋਂ ਵਾਰਨੇ ਜਾਣ ਲਗੇ। ਕੌਣ ਬਿਆਨ ਕਰੇ ਅਦੁੱਤੀ ਸਤਿਗੁਰੂ ਜੀ ਦੇ ਇਸ ਕਮਾਲ ਅਤੇ 'ਆਪੇ ਗੁਰ ਚੇਲਾ' ਹੋਣ ਦੇ ਲਾਸਾਨੀ ਫ਼ਲਸਫ਼ੇ ਤੇ ਪ੍ਰੇਮ-ਰੀਤ ਨੂੰ। ਭਾਈ ਨੰਦ ਲਾਲ ਜੀ ਨੇ ਸ਼ਾਇਦ ਕੁਝ ਅਜਿਹੇ ਦ੍ਰਿਸ਼ਾਂ ਤੋਂ ਵੀ ਪ੍ਰਭਾਵਤ ਹੋ, ਇਹ ਸ਼ੇਅਰ ਰਚੇ ਸਨ :-

(ੳ) ਤਾਲਬੋ ਮਤਲੂਬ ਗੁਰ ਗੋਬਿੰਦ ਸਿੰਘ।[1]

(ਅ) ਸਾਜਦੋ ਮਸਜੂਦ ਗੁਰ ਗੋਬਿੰਦ ਸਿੰਘ।[2]

(ੲ ਦਿਲਿ ਆਸ਼ਕ ਬਅੰਦਕ
ਫ਼ੁਰਸਤੇ ਮਾਸ਼ੂਕ ਮੇ ਗਰਦਦ।[3]
ਸਰਾ ਪਾ ਜਾਂ ਸ਼ਵਦ ਹਰ ਕਸ
ਕਿ ਬਾ ਜਾਨਾਨਾਮੇ-ਸਾਜ਼ਦ। (ਗ਼ਜ਼ਲ ੨੧)

(ਸ) ਆਸ਼ੁਫ਼ਤਾਇ ਆਨੇਮ ਕਿ ਆਸ਼ੁਫ਼ਤਾਇ ਮਾਸਤ।[4]
ਮਾ ਸ਼ਾਹ ਨ ਦਾਨੇਮ, ਗਦਾ ਰਾ ਨਾ ਸ਼ਨਾਸੇਮ। (ਗ਼ਜ਼ਲ ੫੮)

ਇਸ ਤਰ੍ਹਾਂ ਸ੍ਰੀ ਅਨੰਦਪੁਰ ਦੀ ਪਾਵਨ ਧਰਤੀ ਉਤੇ ੧੭੫੬ ਦੀ ਵੈਸਾਖੀ ਦੇ ਦਿਨ ਮਨੁੱਖ ਦੇ ਇਤਿਹਾਸ ਵਿਚ ਉਹ ਇਨਕਲਾਬ ਆਇਆ ਜੋ ਸੂਰਜ ਦੀ ਅੱਖ ਨੇ ਨਾ ਕਦੀ ਪਹਿਲੇ ਵੇਖਿਆ ਸੀ ਅਤੇ ਨਾ ਹੀ ਸ਼ਾਇਦ ਕਦੇ ਫੇਰ ਵੇਖੇ। ਪ੍ਰੇਮ ਦੀ ਇਸ ਅਲੌਕਿਕ ਖੇਡ ਦਾ ਭੇਤ ਓਦੋਂ ਖੁਲ੍ਹਿਆ ਜਦ ਗੁਰੂ ਜੀ ਦੇ ਇਕ ਇਕ ਸਿੰਘ ਨੇ ਸਵਾ ਸਵਾ ਲੱਖ ਨਾਲ ਟਾਕਰਾ ਕੀਤਾ। ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲ੍ਹੀ ਭੁੱਖੇ ਭਾਣੇ ਸਿੰਘਾਂ ਨੇ ਦਸ ਦਸ ਲਖ ਨਾਲ ਸਫਲ ਜੁਧ ਕੀਤਾ।[5] ਸ੍ਰੀ ਕਲਗੀਧਰ ਜੀ ਦੀ ਇਸ ਅਵਸਰ ਉੱਤੇ ਕੀਤੀ ਕਰਾਮਾਤ ਓਦੋਂ ਪ੍ਰਚੰਡ ਹੋ ਚਮਕੀ ਜਦ ਸਿੰਘਾਂ ਤੇ ਸਿੰਘਣੀਆਂ ਨੇ ਖੋਪਰੀਆਂ ਲੁਹਾ ਲਈਆਂ, ਤਨਾਂ ਨੂੰ ਆਰਿਆਂ ਨਾਲ ਚਿਰਵਾ ਲਿਆ, ਬੰਦ ਬੰਦ ਕਟਵਾ ਲਏ, ਬੱਚਿਆਂ ਨੂੰ ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਇਆ, ਪੂਰਾਂ ਦੇ ਪੂਰ ਪਰਵਾਨਿਆਂ ਨੇ ਖਿੜੇ ਮਥੇ ਸ਼ਹਾਦਤ ਦੇ ਜਾਮ ਪੀਤੇ, ਪਰੰਤੂ ੧੭੫੬ ਦੀ ਇਤਿਹਾਸਕ ਵੈਸਾਖੀ ਵਾਲੇ ਪਾਵਨ ਦਿਵਸ ਪ੍ਰਾਪਤ ਕੀਤੇ ਸਿਖੀ ਸਿਦਕ ਨੂੰ ਕੇਸਾਂ ਸਵਾਸਾਂ ਨਾਲ ਨਿਭਾਇਆ। ਸਾਰੇ ਸਿਖ-ਇਤਿਹਾਸ ਵਿਚ ਇਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਜਦ ਗੁਰੂ ਦੇ ਸਿੰਘ ਦਾ ਸਿਦਕ ਡੋਲਿਆ ਹੋਵੇ।

ਸਿਖੀ ਦੇ ਬ੍ਰਿਛ ਨੂੰ ਸਿਦਕ ਦੇ ਲਗੇ ਫਲ ਦੇ ਸਿਖਰ

---

੧. ਗੁਰਦੇਵ ਆਪ ਚਾਹੁਣ ਵਾਲੇ ਵੀ ਹਨ ਤੇ ਆਪੇ ਚਾਹੇ ਜਾਣ ਵਾਲੇ ਵੀ।

੨. ਆਪ ਸਿਜਦਾ ਕਰਨ ਵਾਲੇ ਅਤੇ ਸਭ ਤੋਂ ਸਿਜਦਾ ਲੈਣ ਵਾਲੇ ਹਨ।

੩. ਆਸ਼ਿਕ (ਪ੍ਰੇਮੀ) ਦਾ ਦਿਲ ਥੋੜੇ ਸਮੇਂ ਬਾਅਦ ਮਾਸ਼ੂਕ ਹੋ ਜਾਂਦਾ ਹੈ। ਜਿਹੜੇ ਪਿਆਰੇ ਨਾਲ ਪ੍ਰੇਮ ਕਰਦੇ ਹਨ ਉਹ ਸਿਰ ਤੋਂ ਪੈਰਾਂ ਤਕ ਓਸੇ ਦਾ ਰੂਪ ਹੋ ਜਾਂਦੇ ਹਨ।

੪ ਅਸੀਂ ਓਹਦੇ ਮਤਵਾਲੇ ਹਾਂ। ਜੋ ਸਾਡੇ ਲਈ ਪਰੇਸ਼ਾਨ (ਮਤਵਾਲਾ ) ਹੈ। ਪ੍ਰੇਮ ਦੀ ਇਸ ਖੇਡ ਵਿਚ ਨਾ ਕਿਸੇ ਨੂੰ ਬਾਦਸਾਹ ਜਾਣਦੇ ਹਾਂ, ਨਾ ਹੀ ਮੰਗਤਾ। (ਦੋਹੀਂ ਪਾਸੀ ਪ੍ਰੇਮ ਦੀ ਇਕੋ ਜਿਹੀ ਖਿਚ ਤੇ ਅਗਨੀ ਪ੍ਰਜਵੱਲਤ ਹੈ)।

੫. ਗੁਸਨਾ ਚਿ ਕਾਰੇ ਕੁਨਦ ਚਹਲ ਨਰ। ਕਿ ਬਰ ੳ ਬਰ ਆਇਦ ਦਹ ਲਕ ਬੇਖ਼ਬਰ ॥ (ਜ਼ਫਰਨਾਮਾ)



www.AKJ.Org

ਦਾ ਇਕ ਅਲੌਕਿਕ ਦ੍ਰਿਸ਼ ਓਦੋਂ ਨਜ਼ਰੀਂ ਆਉਂਦਾ ਤੇ ਅੱਖਾਂ ਨੂੰ ਚੁੰਧਿਆਉਂਦਾ ਹੈ ਜਦ ਬਾਬਾ ਬੰਦਾ ਬਹਾਦਰ ਜੀ ਨਾਲ ਗ੍ਰਿਫ਼ਤਾਰ ਕੀਤੇ ਗਏ ਸਤ ਸੌ ਵਧੀਕ ਸਿੰਘਾਂ ਦੇ ਸੌ ਸੌ ਦੇ ਜਥੇ ਨੂੰ ਦਿਲੀ ਵਿਖੇ ਰੋਜ਼ ਕਤਲ ਕੀਤਾ ਜਾਂਦਾ ਸੀ। ਜਦ ਕਾਜ਼ੀ ਹਰੇਕ ਸਿੰਘ ਨੂੰ ਇਸਲਾਮ ਜਾਂ ਮੌਤ 'ਚੋਂ ਇਕ ਚੁਣਨ ਦੀ ਪੇਸ਼ਕਸ਼ ਕਰਦਾ ਤਾਂ ਕੀ ਮਜਾਲ ਜੋ ਤਸੀਹਾਂ ਨਾਲ ਵਾਲ ਵਾਲ ਵਿੰਨ੍ਹੇ, ਕਿਸੇ ਇਕ ਵੀ ਸਿੰਘ ਦੇ ਸਿਦਕ ਵਿਚ ਕਿਸੇ ਪਰਕਾਰ ਦੀ ਲਰਜ਼ਸ਼ (ਕਮਜ਼ੋਰੀ) ਆਈ ਹੋਵੇ। ਇਸ ਬਾਰੇ ਇਤਿਹਾਸ-ਕਾਰ ਖ਼ਾਫ਼ੀ ਖ਼ਾਨ ਦੀ ਗਵਾਹੀ ਨੇ ਤਾ 'ਸਿਖੀ ਸਿਦਕ' ਨੂੰ ਉਹ ਉਜਾਗਰ ਕੀਤਾ ਹੈ ਕਿ ਵਰਤਮਾਨ ਜੁਗ ਦੇ ਸਿਖ ਗਭਰੂਆਂ ਦੀ ਸਿਖ ਰਹਿਤ ਮਰਯਾਦਾ ਵਿਚ ਪਰਪੱਕ ਨਾ ਰਹਿਣ ਦੀ ਅਰੁੱਚੀ ਨਾ-ਕੇਵਲ ਲੱਜਾ ਦਾ ਹੀ ਕਾਰਨ ਹੈ ਸਗੋਂ ਨਾ-ਖਿਮਾ ਕੀਤੀ ਜਾਣ ਵਾਲੀ ਅਵੱਗਿਆ ਤੇ ਸਿਖਾਂ ਜਿਹੀ ਸਿਰਮੌਰ ਕੌਮ ਉਤੇ ਇਕ ਬਦ-ਨੁਮਾ ਧੱਬਾ ਵੀ। ਉਹ ਲਿਖਦਾ ਹੈ ਕਿ ਬਾਬਾ ਬੰਦਾ ਬਹਾਦਰ ਜੀ ਨਾਲ ਜੋ ਸਿੱਖ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਵਿਚ ਛੋਟੀ ਉਮਰ ਦਾ ਇਕ ਬੱਚਾ ਵੀ ਸੀ। ਇਸ ਬੱਚੇ ਦੀ ਬੁੱਢੀ ਮਾਂ ਨੇ ਕਿਸੇ ਤਰ੍ਹਾਂ ਦਿੱਲੀ ਪੁੱਜ ਕੇ ਤੇ ਇਹ ਕਹਿ ਕੇ ਕਿ, ਉਸ ਦਾ ਨਾਬਾਲਗ਼ ਬੱਚਾ ਸਿਖ ਨਹੀਂ, ਜਿਵੇਂ ਕਿਵੇਂ ਉਸ ਦੀ ਰਿਹਾਈ ਦਾ ਸ਼ਾਹੀ ਪਰਵਾਨਾ ਹਾਸਲ ਕਰ ਲਿਆ। ਜਿਸ ਦਿਨ ਤੇ ਜਿਸ ਸਮੇਂ ਉਹ ਬੀਰ ਬੱਚਾ ਕਤਲ ਹੋਣ ਲਈ ਅਗੇ ਵਧਿਆ, ਉਸ ਦੀ ਮਾਤਾ ਭੀੜ ਨੂੰ ਚਾਰਦੀ ਅਗੇ ਆਈ ਤੇ ਸਬੰਧਤ ਅਧਿਕਾਰੀ ਨੂੰ ਉਸ ਦੀ ਰਿਹਾਈ ਲਈ ਪ੍ਰਾਪਤ ਕੀਤਾ ਪਰਵਾਨਾ ਇਹ ਆਖ ਕੇ ਪੇਸ਼ ਕੀਤਾ ਕਿ ਉਸ ਦਾ ਬੱਚਾ ਸਿਖ ਨਹੀਂ, ਐਵੇਂ ਗ਼ਲਤੀ ਨਾਲ ਸਿਖਾਂ ਵਿਚ ਫੜਿਆ ਗਿਆ ਹੈ। ਮਮਤਾ ਦੀ ਮਾਰੀ ਮਾਤਾ ਦੀ ਇਸ ਲਿਲਕੜੀ ਉਤੇ ਜਦ ਮੁਫ਼ਤੀ ਨੇ ਉਸ ਬੱਚੇ ਦੀ ਰਿਹਾਈ ਦਾ ਹੁਕਮ ਦੇ ਦਿਤਾ ਤਾ ਸ੍ਰੀ ਕਲਗੀਧਰ ਦੀ ਸਿਖੀ ਤੇ ਸਿਦਕ ਨੂੰ ਰਹਿੰਦੀ ਦੁਨੀਆ ਤਕ ਚਾਰ ਚੰਦ ਲਾਉਣ ਵਾਲਾ ਉਹ ਬਹਾਦਰ ਬੱਚਾ ਅਗੋਂ ਬੜੇ ਰੋਹ ਤੇ ਜਲਾਲ ਵਿਚ ਪੁਕਾਰ ਉਠਿਆ:-

'ਮਾਦਰਮ ਦਰੋਗ਼ ਮੇ ਗੋਇੰਦ। ਮਨ ਬਦਿੱਲੋ ਜਾਨ ਅਜ਼ ਮੋਅਤਕਿਦਾਂ ਵ ਫ਼ਿਦਾਇਆਨੇ ਜਾਂ ਨਿਸਾਰਿ ਮੁਰਸ਼ਦਿ ਖ਼ੁਦਮ। ਮਰਾ ਜ਼ੂਦ ਬਾ ਰਫ਼ੀਕਾਨਿ ਮਨ ਰਸਾਨੇਦ।

(ਖ਼ਾਫ਼ੀ ਖ਼ਾਨ)

ਭਾਵ ਅਰਥ- ਮੇਰੀ ਮਾਂ ਝੂਠ ਬੋਲਦੀ ਹੈ (ਕਿ ਮੈਂ ਸਿਖ ਨਹੀਂ ਹਾਂ) ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ ਉਤੇ ) ਈਮਾਨ ਰਖਣ ਵਾਲਿਆਂ ਅਤੇ ਆਪਣੇ ਮੁਰਸ਼ਦ (ਗੁਰੂ) ਤੋਂ ਜਿੰਦ ਵਾਰਨ ਵਾਲਿਆਂ ਵਿਚੋ ਹੀ ਇਕ ਹਾਂ। (ਇਸ ਲਈ) ਮੈਨੂੰ ਛੇਤੀ ਮੇਰੇ (ਸ਼ਹੀਦ ਹੋ ਚੁਕੇ) ਸਾਥੀਆਂ ਪਾਸ ਪਹੁੰਚਾਵੋ।

ਕਿਉਂ ਜੀ । ਕੀ ਇਹ ਸਿਖੀ ਸਿਦਕ ਤੇ ਸਤਿਗੁਰਾਂ ਲਈ ਪ੍ਰੀਤ ਤੇ ਪ੍ਰਤੀਤ ੧੭੫੬ ਦੀ ਵੈਸਾਖੀ ਵਾਲੇ ਦਿਨ ਬਖ਼ਸ਼ੇ ਅੰਮ੍ਰਿਤ ਦੀ ਅਦੁੱਤੀ ਕਰਾਮਾਤ ਨਹੀਂ ? ਕੀ ਜੇ 'ਗੁਰੂ ਕੇ ਸਿੰਘਾਂ' ਨੂੰ ਆਪਣੇ ਅੰਮ੍ਰਿਤ-ਦਾਤੇ ਸਤਿਗੁਰੂ ਉਤੇ ਨਾਜ਼ ਹੈ ਤਾਂ ਸ੍ਰੀ ਸਤਿਗੁਰੂ ਨੂੰ ਆਪਣੇ ਅਜਿਹੇ ਦੂਲੇ। ਸ਼ਹੀਦ ਸਿੰਘਾਂ ਉਤੇ ਘਟ ਮਾਣ ਹੈ ? ਗੁਰੂ ਤੇ ਸਿਖ ਦੀ ਇਸ ਦੁੱਵਲੀ ਸਮਾਨ ਪ੍ਰੀਤ-ਖਿੱਚ ਨੂੰ ਵੇਖ ਕੇ ਭਾਈ ਗੁਰਦਾਸ ਜੀ (ਦੂਜੇ) ਬੇਸਾਖ਼ਤਾ ਪੁਕਾਰ ਉਠੇ ਸਨ :- 'ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ।'

ਅਤੇ ਏਸੇ ਲਈ ਇਨ੍ਹਾਂ ਸਤਰਾਂ ਦੇ ਲੇਖਕ ਨੇ ਪੂਰੇ ਸਤਿਕਾਰ ਤੇ ਮਾਣ ਨਾਲ ਇਹ ਦਾਅਵਾ ਕੀਤਾ ਹੈ ਕਿ ਮਨੁੱਖ ਦੇ ਇਤਿਹਾਸ ਵਿਚ ਸੰਮਤ ੧੭੫੬ ਦੀ ਪਵਿੱਤਰ ਵੈਸਾਖੀ ਅਦੁੱਤੀ ਤੇ ਅਲੌਕਿਕ ਹੈ। ਏਸ ਦਿਨ ਓਸ ਪੂਰਨ ਮਨੁੱਖ-ਖ਼ਾਲਸੇ ਦੀ ਸਿਰਜਨਾ ਹੋਈ ਸੀ, ਜਿਸ ਦੇ ਦੈਵੀ-ਕਰਤੱਵ-ਸੇਵਾ, ਸਿਮਰਨ ਤੇ ਕੁਰਬਾਨੀ-ਉਤੇ ਮਾਨਵਤਾ ਜਿਤਨਾ ਵੀ ਨਾਜ਼ ਕਰੇ, ਥੋੜਾ ਹੈ।

## ਅਖੌਤੀ ਸੰਤ ਬਾਬੇ

ਭਾਈ ਗੁਰਤੇਜ ਸਿੰਘ 'ਬਾਦਸ਼ਾਹ ਪੁਰੀ'

ਆਪਣੇ ਆਪ ਨੂੰ ਸੰਤ ਅਖਵਾਉਣ ਲੱਗੇ,
ਮਾਇਆ ਪਿਛੇ ਅੱਜ ਕੱਲ ਦੌੜਦੇ ਨੇ।
ਦੁਨੀਆਂ ਮੱਥੇ ਟੇਕਦੀ ਇਹਨਾਂ ਬਾਬਿਆਂ ਨੂੰ,
ਨਾ ਇਹ ਕਿਸੇ ਨੂੰ ਹੋੜਦੇ ਨੇ।
ਟੇਢੇ ਢੰਗ ਨਾਲ ਬਾਣੀ ਨਾਲੋ ਤੋੜਕੇ ਇਹ,
ਆਪਣੇ ਨਾਲ ਹਰ ਇਕ ਨੂੰ ਜੋੜਦੇ ਨੇ।
ਪੱਕੇ ਰਾਗਾਂ ਦੀ ਰੀਤ ਭੁਲਾ ਕੇ ਇਹ,
ਕੱਚੀਆਂ ਧਾਰਨਾਂ ਨੂੰ ਵਿੱਚ ਘਸੋੜਦੇ ਨੇ।
ਸੰਤ ਪਦਵੀ ਅਵਸਥਾ ਦਾ ਨਾਮ ਹੈ ਜੀ,
ਇਹ ਬਾਣੇ ਨਾਲ ਸੰਤ ਪਦ ਜੋੜਦੇ ਨੇ।
ਸਿੱਖੀ ਬਾਣੇ ਨੂੰ ਇਹਨਾਂ ਢਾਹ ਲਾਈ,
ਮਾਇਆ ਸੱਪਣੀ ਤਾਂਈ ਇਹ ਲੋੜਦੇ ਨੇ।
ਡੇਰੇ ਇਹਨਾਂ ਆਪਣੇ ਥਾਂ ਥਾਂ ਬਣਾ ਦਿੱਤੇ,
ਗੁਰੂ ਘਰ ਤਾਂਈ ਇਹ ਵਿਛੋੜਦੇ ਨੇ।
ਸਿੱਖ ਰਹਿਤ ਮਰਯਾਦਾ ਭੁਲਾ ਕੇ ਇਹ,
ਆਪਣੀ ਰਹਿਤ ਮਰਯਾਦਾ ਜੋੜਦੇ ਨੇ।
'ਬਾਦਸ਼ਾਹ ਪੁਰੀ' ਕਹੇ ਅੱਖੀ ਵੇਖਿਆਂ ਜੋ,
ਗੱਡੀਆ ਮਾਇਆ ਤੇ ਚੇਲੇ ਅਮੀਰ ਲੋੜਦੇ ਨੇ।



www.AKJ.Org

# ਗੁਰਸਿਖ ਰਹਿਣੀ

(ਵਲੋਂ ਗਿਆਨੀ ਪ੍ਰੇਮ ਸਿੰਘ ਜੀ ਖੜਕ.)

ਮੰਤਰਾਂ ਚਿ ਜੰਤਰਾਂ ਚਿ, ਟੂਣਿਆਂ ਤੇ ਤੰਤਰਾਂ ਚਿ,
ਕਾਮਣਾਂ ਕੁਮੰਤਰਾਂ ਚਿ, ਮਨ ਨੂੰ ਟਿਕਾਈਂ ਨਾ।
ਮੰਦਰਾਂ ਚਿ, ਕੰਦਰਾਂ ਚਿ, ਜੋਗੀਆਂ ਕਲੰਦਰਾਂ ਚਿ,
ਕਲਰਾਂ ਤੇ ਬੰਜਰਾਂ ਚਿ, ਰਬ ਨੂੰ ਧਿਆਈਂ ਨਾ।
ਸ਼ਰਾਬ ਚੋਰੀ ਯਾਰੀ, ਛੱਡ ਜੂਏ ਦੀ ਬਿਮਾਰੀ,
ਫਿਰ ਹੋਇ ਨਾ ਖੁਆਰੀ, ਵੇਸਵਾ ਦੇ ਜਾਈਂ ਨਾ।
ਦੁੱਖਾਂ ਅਤੇ ਸੁੱਖਾਂ ਵਿਚੋਂ, ਨੰਗ ਅਤੇ ਭੁੱਖਾਂ ਵਿਚ,
ਬੇਮੁੱਖੀ ਮਨੁੱਖਾਂ ਵਿਚ, ਮਨ ਨੂੰ ਡੁਲਾਈਂ ਨਾ।੧।

ਮਸੀਤਾਂ ਸ਼ਿਵਾਲਿਆਂ ਚਿ, ਦੇਹਰਿਆਂ ਦੇਵਾਲਿਆਂ ਚਿ,
ਚਿੱਟਿਆਂ ਤੇ ਕਾਲਿਆਂ ਚਿ, ਮਨ ਭਟਕਾਈਂ ਨਾ।
ਮਨ ਸਮਝਾਈ ਜਾਣਾ, ਪਾਪਾਂ ਤੋਂ ਹਟਾਈ ਜਾਣਾ,
ਸਤਿ ਸੰਗ ਜਾਈ ਜਾਣਾ, ਨੇਮ ਨੂੰ ਹਟਾਈਂ ਨਾ।
ਕਿਸੇ ਦੀ ਨਾ ਕਾਣ ਮੰਨੀਂ, ਕਿਸੇ ਦੀ ਨਾ ਆਣ ਮੰਨੀਂ,
ਗੁਰੂ ਦਾ ਗਿਆਨ ਮੰਨੀਂ, ਕਦੇ ਭੀ ਭੁਲਾਈਂ ਨਾ।
ਪੰਡਤਾਂ ਮੁਲਾਣਿਆਂ ਚਿ, ਦੂਈ ਅੱਗਾਂ ਲਾਣਿਆਂ ਚਿ,
ਈਰਖਾ ਫੈਲਾਣਿਆਂ ਚਿ, ਮਨ ਨੂੰ ਮਿਲਾਈਂ ਨਾ।੨।

ਜੰਗਲਾਂ ਪਹਾੜਾਂ ਵਿਚ, ਬਸਤੀਆਂ ਉਜਾੜਾਂ ਵਿਚ,
ਝੁੰਡਾਂ ਤੇ ਝਾੜਾਂ ਵਿਚ, ਧੂਣੀਆਂ ਤਪਾਈਂ ਨਾ।
ਝੂਠਿਆਂ ਪਖੰਡਾਂ ਵਿਚ, ਪਿੱਪਲਾਂ ਤੇ ਜੰਡਾਂ ਵਿਚ,
ਪੋਹ ਮਾਘ ਠੰਢਾਂ ਵਿਚ, ਜਲਧਾਰੇ ਪਾਈਂ ਨਾ।
ਤੁਲਸੀ ਦੇ ਪੱਤਰਾਂ ਨੂੰ, ਗ੍ਰਿਹਾਂ ਤੇ ਨਛੱਤ੍ਰਾਂ ਨੂੰ,
ਠਾਕੁਰਾਂ ਦੇ ਪੱਥਰਾਂ ਨੂੰ, ਲਿੰਗ ਨੂੰ ਪੁਜਾਈਂ ਨਾ।
ਸਿਤੰਬਰਾਂ ਦਿਗੰਬਰਾਂ ਚਿ, ਨਬੀਆਂ ਪੈਗੰਬਰਾਂ ਚਿ,
ਝੂਠਿਆਂ ਅਡੰਬਰਾਂ ਚਿ, ਮਨ ਅਟਕਾਈਂ ਨਾ।੩।

ਸੋਧੀਆਂ ਕ੍ਰੋਧੀਆਂ ਚਿ, ਜੈਨੀਆਂ ਤੇ ਬੋਧੀਆਂ ਚਿ,
ਧਰਮ ਵਿਰੋਧੀਆਂ ਚਿ, ਨੇੜ ਬਹੁਤ ਪਾਈਂ ਨਾ।
ਆਰੀਆ ਸਮਾਜੀਆਂ ਚਿ, ਪਠਾਣਾਂ ਅਤੇ ਗ਼ਾਜ਼ੀਆਂ ਚਿ,
ਵੱਡਿਆਂ ਕੁਕਾਜੀਆਂ ਚਿ, ਜਾ ਕੇ ਘਬਰਾਈਂ ਨਾ।
ਨੜੀਮਾਰ, ਕੁੜੀਮਾਰ, ਮੀਣੇ ਤੇ ਮਸੰਦ ਯਾਰ,
ਧੀਰ ਮੱਲੀਆਂ ਦੇ ਧੀਆਂ ਪੁੱਤਰ ਵਿਆਹੀਂ ਨਾ।
ਰਿਧੀਆਂ ਤੇ ਸਿੱਧੀਆਂ ਨੂੰ, ਸ਼ਬਦ ਪ੍ਰਸਿੱਧੀਆਂ ਨੂੰ,
ਕਰਮ ਕਾਂਡ ਬਿਧੀਆਂ ਨੂੰ, ਮਨ ਚਿ ਵਸਾਈਂ ਨਾ।੪।

ਭਰਮਾਂ ਤੇ ਵਹਿਮਾਂ ਵਿਚ, ਡਰਾਂ ਅਤੇ ਸਹਿਮਾਂ ਵਿਚ,
ਨਿੰਦਿਆਂ ਤੇ ਮਹਿਮਾ ਵਿਚ, ਚਿੱਤ ਨੂੰ ਫਸਾਈਂ ਨਾ।
ਲਗਨਾਂ ਬਿਲਗਨਾਂ ਚਿ, ਸਗਨ ਅਪਸਗਨਾਂ ਚਿ,
ਭਦਨਾਂ ਖਦਨਾਂ ਚਿ, ਵੇਖੀਂ ਡਿੱਗ ਜਾਈਂ ਨਾ।
ਜਾਤ ਪਾਤ ਗਰਬ ਛੋੜ, ਛੂਤ ਛਾਤ ਸਰਬ ਤੋੜ,
ਨਾਹੀਂ ਪਰਦਰਬ ਲੋੜ, ਨੀਤ ਭਟਕਾਈਂ ਨਾ।੫।

ਧਾਨ ਪੂਜਾ ਅਸਥੈਨਾਂ ਦੇ, ਤੇ ਹੋਰ ਸਾਕ ਸੈਨਾਂ ਦੇ,
ਧੀਆਂ ਅਤੇ ਭੈਣਾਂ ਦੇ; ਪੈਸੇ ਕਦੇ ਖਾਈਂ ਨਾ।
ਸਨਾਤਨੀ ਖ਼ਿਆਲਾਂ ਵਿਚ, ਛੈਣਿਆਂ ਘੰਟਾਲਾਂ ਵਿਚ,
ਦੀਵੇ ਬਾਲ ਥਾਲਾਂ ਵਿਚ, ਆਰਤੀ ਕਰਾਈਂ ਨਾ।
ਸਿਰ ਦਸਤਾਰ ਰੱਖ। ਕੇਸ ਸਤਕਾਰ ਰੱਖ,
ਬਹੁਤ ਪਿਆਰ ਰੱਖ ਕਲਫ਼ ਲਗਾਈਂ ਨਾ।
ਆਦਿ ਅੰਤ ਧਿਰ ਤੇਰਾ, ਗੁਰੂ ਦਾ ਹੈ ਸਿਰ ਤੇਰਾ,
ਜਨਮ ਨਾ ਫਿਰ ਤੇਰਾ, ਭਉਜਲ ਭੁਆਈਂ ਨਾ।੬।

ਪਿਤਾ ਦਸਮੇਸ਼ ਗੁਰ ਜੀ, ਸ੍ਰੀ ਮਾਤ ਸਾਹਿਬ ਕੁਰ,
ਜਨਮ ਅਨੰਦਪੁਰ, ਹੋਰ ਬਤਲਾਈਂ ਨਾ।
ਦਸ ਨਖ ਕਾਰ ਕਰ, ਦੂਜਿਆਂ ਦਾ ਭਾਰ ਹਰ,
ਚਿੱਤ ਕਰਤਾਰ ਧਰ, ਪਰ ਹੱਕ ਖਾਈਂ ਨਾ।
ਅੰਮ੍ਰਿਤ ਨੂੰ ਪਾਨ ਕਰ, ਗੁਰੂ ਦਾ ਧਿਆਨ ਕਰ,
ਦਸਵੰਧ ਆਨ ਧਰ, ਹਉਮੈ ਵਿਚ ਆਈਂ ਨਾ।
ਦੇਸ ਤੇ ਬਿਦੇਸ ਵਿਚ, ਸੁੱਖ ਤੇ ਕਲੇਸ਼ ਵਿਚ,
ਕਿਸੇ ਵੀ ਤੂੰ ਭੇਸ ਵਿਚ, ਬਚਨ ਭੁਲਾਈਂ ਨਾ।੭।

ਘਰ 'ਚ ਉਦਾਸ ਰਹੀਂ, ਟੱਬਰ ਦੇ ਪਾਸ ਰਹੀਂ,
ਕਰ ਅਰਦਾਸ ਰਹੀਂ, ਭਗਵੇਂ ਹੰਢਾਈਂ ਨਾ।
ਜੰਮਣ ਮਰਨ ਵਿਚ, ਹਰ ਕਾਜ ਕਰਨ ਵਿਚ,
ਰਹੀਂ ਗੁਰ ਸ਼ਰਨ ਵਿਚ, ਕਿਧਰੇ ਵੀ ਧਾਈਂ ਨਾ।
ਮੜ੍ਹੀਆਂ ਮਸਾਨਾਂ ਵਿਚ, ਗਊਆਂ ਅਤੇ ਸਾਨ੍ਹਾਂ ਵਿਚ,
ਪੰਖੀਆਂ ਹੈਵਾਨਾਂ ਵਿਚ, ਸ਼ਰਧਾ ਲਿਆਈਂ ਨਾ।
ਗੁਰੂ ਉੱਤੇ ਆਸ ਰੱਖ, ਪੂਰਾ ਭਰਵਾਸ ਰੱਖ,
ਨੀਅਤ ਨੂੰ ਰਾਸ ਰੱਖ, ਧੀਰਜ ਗੁਆਈਂ ਨਾ।੮।

ਮਾਵਾਂ ਭੈਣਾਂ ਧੀਆਂ ਜਾਣੀ, ਕੋਈ ਹੋਰ ਨਾ ਪਛਾਣੀ,
ਇਹੋ ਦੱਸੇ ਗੁਰਬਾਣੀ, ਚਿੱਤ ਨੂੰ ਡੁਲਾਈਂ ਨਾ।
ਪਹਿਲੇ ਪਰ-ਨਾਰ ਤੱਜ ਨਸ਼ੇ ਤੇ ਵਿਕਾਰ ਤੱਜ,

(ਬਾਕੀ ਪੰਨਾ ੨੯ ਤੇ..)



www.AKJ.Org

# ਸ੍ਰੀ ਅਕਾਲ ਤਖਤ ਸਾਹਿਬ ਤੇ ਪੰਥਕ ਮਰਿਆਦਾ ਦੀ ਉਲੰਘਣਾਂ ਜਾਰੀ

13 ਅਪ੍ਰੈਲ 1997 ਦੀ ਵਿਸਾਖੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਨਵ ਉਸਾਰੀ ਉਪਰੰਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪੰਥਕ ਮਰਿਆਦਾ ਦੇ ਉਲਟ (ਮੁੰਦਾਵਣੀ ਦੇ ਭੋਗ ਪਾਉਣ ਦੀ ਬਜਾਇ) ਰਾਗਮਾਲਾ ਪੜ੍ਹ ਕੇ ਪਾਇਆ ਗਿਆ ਜਦ ਕਿ ਇਸ ਤੋਂ ਪਹਿਲਾਂ ਅਤੇ ਬਾਅਦ ਵਿਚ ਅਖਬਾਰਾਂ ਵਿਚ ਪੁਰਾਤਨ ਮਰਿਆਦਾ ਲਾਗੂ ਕਰਨ ਦੇ ਦਾਅਵੇ ਜ਼ਿੰਮੇਵਾਰ ਸੱਜਣਾਂ ਵੱਲੋਂ ਕੀਤੇ ਗਏ। ਇਸ ਤੇ ਰੋਸ ਪ੍ਰਗਟ ਕਰਨ ਲਈ ਅਖੰਡ ਕੀਰਤਨੀ ਜੱਥੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜੱਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੂੰ ਲਿਖਿਆ ਗਿਆ ਜਿਸ ਦਾ ਉਤਰ ਅਤੇ ਰਾਗਮਾਲਾ ਦੇ ਪ੍ਰਮਾਣਿਕ ਨਾ ਹੋਣ ਅਤੇ ਅਕਾਲ ਤਖਤ ਸਾਹਿਬ ਤੇ ਨਾ ਪੜ੍ਹੇ ਜਾਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਬਖਸ਼ ਸਿੰਘ ਸਰਾਏ ਯੂ: ਕੇ. ਨੂੰ 4-9-1970 ਦਾ ਲਿਖਿਆ ਪੱਤਰ ਸੂਰਾ ਮਈ 1997 ਅੰਕ ਵਿਚ ਸੰਗਤਾਂ ਦੀ ਗਿਆਤ ਹਿਤ ਛਾਪਿਆ ਗਿਆ ਸੀ। ਪਰ ਬੜੇ ਸ਼ੋਕ ਨਾਲ ਇਹ ਲਿਖਣਾ ਪੈ ਰਿਹਾ ਹੈ ਕਿ ਇਸ ਪੱਤਰ ਨੂੰ ਨਜ਼ਰ ਅੰਦਾਜ਼ ਕਰ ਕੇ ਰਾਗਮਾਲਾ ਪੜ੍ਹ ਕੇ ਪਾਠ ਦਾ ਭੋਗ ਪਾਏ ਜਾਣਾ ਹੁਣ ਤੱਕ ਜਾਰੀ ਹੈ।

ਸੰਗਤਾਂ ਦੇ ਗਿਆਤ ਹਿਤ ਰਾਗਮਾਲਾਦੇ ਗੁਰਬਾਣੀ ਹੋਣ ਸਬੰਧੀ ਪਾਏ ਭੁਲੇਖੇ ਨੂੰ ਦੂਰ ਕਰਨ ਲਈ ਸਿੱਖ ਬੁਧੀਜੀਵੀਆਂ ਤੇ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਸੂਰਾ ਮਾਸਿਕ ਪੱਤਰ ਅਤੇ ਹੋਰ ਗੁਰਮਤਿ ਪ੍ਰਚਾਰ ਦੇ ਰਸਾਲਿਆਂ ਵਿਚ ਸਮੇਂ-ਸਮੇਂ ਸਿਰ ਛਪਦੇ ਰਹਿੰਦੇ ਹਨ ਤੇ ਇਹਨਾਂ ਕੁਝ ਕੁ ਲੇਖਾਂ ਦਾ ਸੰਗ੍ਰਹਿ 'ਰਾਗਮਾਲਾ ਸਬੰਧੀ ਵੀਚਾਰ' ਨਾਮੀ ਪੁਸਤਕ ਸੂਰਾ ਮਾਸਿਕ ਪੱਤਰ ਵੱਲੋਂ ਛਪੀ ਹੋਈ ਹੈ ਜੋ ਕਿ ਲਾਗਤ ਮਾਤਰ ਭੇਟਾ ਤੇ ਸੰਗਤਾਂ ਨੂੰ ਦਿੱਤੀ ਜਾਂਦੀ ਹੈ।

ਸੋ ਉਪਰ ਲਿਖੇ ਹਾਲਾਤ ਨੂੰ ਮੱਦੇ ਨਜ਼ਰ ਰੱਖਦਿਆਂ ਸਰਬੱਤ ਸੰਗਤਾਂ, ਗੁਰੂ ਪਿਆਰਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਰਬੱਤ ਗੁਰੂ ਪਿਆਰੇ ਇਸ ਮਸਲੇ ਨੂੰ ਗੰਭੀਰਤਾ ਨਾਲ ਸਮਝਦੇ ਹੋਏ ਅੱਗੇ ਆਉਣ ਅਤੇ ਸਰਬੱਤ ਗੁਰੂ ਪਿਆਰੇ ਇਸ ਸਬੰਧ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਰੋਸ ਭਰੇ ਪੱਤਰ ਲਿਖਣ ਤਾਂ ਕਿ ਇਹ ਜੁੰਮੇਵਾਰ ਸੱਜਣ ਇਸ ਮਸਲੇ ਦਾ ਹੱਲ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਪੁਰਾਤਨ ਮਰਿਆਦਾ ਬਹਾਲ ਕਰਕੇ ਰਾਗਮਾਲਾ ਦਾ ਪੜ੍ਹਨਾ ਬੰਦ ਕਰਵਾਉਣ।

ਸਮੂਹ ਸੰਗਤਾਂ ਦੇ ਸੇਵਾਦਾਰ,
ਸੂਰਾ ਪਰਿਵਾਰ

**ਪੰਨਾ ੨੮ ਦਾ ਬਾਕੀ**

ਖਾਣਾ ਮੁਰਦਾਰ ਤੱਜ, ਰੋਮਾਂ ਨੂੰ ਲੁਹਾਈਂ ਨਾ।
ਮਾਸ ਗਲ ਵਢ ਕੇ ਤੇ ਹਤਿਆ ਕਮਾਣ ਵਾਲਾ,
ਖਾਣਾ ਹਰਾਮ ਵਾਲਾ, ਕਦੇ ਵੀ ਤੂੰ ਖਾਈਂ ਨਾ।
ਪੰਜ ਹੀ ਕਕਾਰ ਧਰ, ਪੰਜ ਹੀ ਵਿਕਾਰ ਹਰ,
ਸਿੱਖੀ ਪਰਖਾਰ ਕਰ, ਰਹਤ ਤਜਾਈਂ ਨਾ।੯।

ਗੁਰੂ ਹੈ ਗ੍ਰੰਥ ਤੇਰਾ, ਖਾਲਸਾ ਹੈ ਪੰਥ ਤੇਰਾ,
ਇਹੋ ਸਿਮਰੰਥ ਤੇਰਾ, ਕਦੇ ਬਿਸਰਾਈਂ ਨਾ।
ਪੂਜਯ ਅਕਾਲ ਤੇਰਾ, ਗੁਰੂ ਸਦਾ ਨਾਲ ਤੇਰਾ,
ਰੱਖਦਾ ਖ਼ਿਆਲ ਤੇਰਾ, ਭਾਣੇ ਨੂੰ ਭੁਲਾਈਂ ਨਾ।
ਜੱਪ ਜਾਪ ਸਵੱਯੇ ਚੌਪਈ ਤੇ ਅਨੰਦ ਜੀ,
ਸੋਦਰ ਤੇ ਸੋਹਿਲੇ ਬਿਨਾਂ ਵਕਤ ਗੁਆਈਂ ਨਾ।
''ਖੜਗ ਮ੍ਰਿਗੇਸ਼'' ਕਹੇ, ਇਉਂ ਦਸਮੇਸ਼ ਕਹੇ,
ਬਚਨ ਹਮੇਸ਼ ਕਹੇ, ਵੇਖੀਂ ਭੁਲ ਜਾਈਂ ਨਾ।੧੦।

(ਪੰਨਾ ੧੨ ਦਾ ਬਾਕੀ..)

ਲਈ ਖੜਗ ਦੀ ਓਟ ਜਰੂਰੀ ਹੈ। ਗੁਰੂ ਦਸ਼ਮੇਸ਼ ਪਿਤਾ ਦੇ ਪਾਏ ਹੋਏ ਪੂਰਨਿਆ ਤੇ ਚਲ ਕੇ ਖ਼ਾਲਸੇ ਨੇ ਆਪਣੇ ਜੋਤਿ ਨੂੰ ਪਰਮ ਲਾਤਮਾ ਦੀ ਜੋਤਿ ਵਿਚ ਲੀਨ ਕਰਨਾ ਹੈ। ਖ਼ਾਲਸੇ ਨੂੰ ਇਹ ਰਹਿਤ ਰਹਿਣ, ਧਾਰਨ ਕਰਨ ਲਈ ਕਲਗੀਧਰ ਪਾਤਸ਼ਾਹ ਨੇ ਇਉ ਹੁਕਮ ਕੀਤਾ ਹੈ-

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨਾਂ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ॥



www.AKJ.Org

## The Symbols

Gurmukh Singh

Indu Bhusan Banerjee in his book 'Evolution of the Khalsa,' observes that 'originally Sikhism belonged to the great family of popular religions that made their appearance in India in the 15th and 16th Centuries... . Rama nanda and Kabir, Chaitanya and Nanak, all agreed as to fundamentals, though no doubt, there were differences in detail. But whereas the other schools developed, more or less, on traditional lines, and after short periods of fruitful activity, quieted down into narrow, hide- bound or at best mystical sects, sikhism went off at a tangent and ultimately evoicd what has been called a church-nation.

" The aut hor has made a correct observation that sikhism, 'went off at a tangent," the reader is interes-ted to know why alone sikhism was able to form a 'Church-nation." while the contemporary branches of the Bhakti-Movement boiled down to conventional isms?

There is a reason behind it Banerjee endorses the view of Estlin Carpenter that one of the reasons for this was that sikhism imposed on its followers "the obligation of the sword with a rite of initiation." Guru Nanak instituted "Charn Pauhl" Baptism through Holy Water sacramented by the touch of the Holy feet of the Guru. All the followers, from Guru Nanak to Guru Teg Bahadur received the charn Pauhl and adopted certain uniform symbols. it distinguished them from the conventionally recognised sects. A tendency among the HinduPriests has persisted throughout the centuries to absorb the main teachings of the new sect and thus swallow the whole sect to make it extinct. Thus Huns, Kushans, Rasht Kutas and later Buddhism were all swallowed one after another. At one time Hinduism posed itself like a sea in which all the small streams fall only to enrich it. Buddhism, Janisim, and later sects arising out of the Bhakti-Movement, were destined more or less to the same fate. However it refused to absorb Islam as it was considered a dirty stream.

Guru Nanak had foreseen this tendency. Dr. G. C. Narang in his book 'Transformation of Sikhism ," Says, "Nank had, no doubt greatly succeeded in reviving the dying Hindu Soceiety, which was now fairly on the way to convalescene, but environments were still so unfavourable, the orthedox priesthood being still so strong, that he feared a relapse unless some one was appointed to look after the patient." Hence he appointed his successor.

It is enident that othodox priest has a great say even in the modern Hindu society Its masses perform various religious rites quite help lessly and ingnorantly at his behest They dare not question his injunction. All the progress made by science and discovery seems shelved before his over-awing presence.

The sikh Gurus visualized the unjust persecution of the Hindu masses and the hands of the othodox priest, who was then trying to tighten his grip in an age of forcible conversion, And once a person was converted, forcibly into a Muslim he had no cnance, at least in this life to return to the parent- religioun, in spite of his penance.

Although early 'sikh Symbols' are no where distinty rerorded yet it is certain that the sikh Gurus from the very beginning gave to their disciples adistinet form, and a separate set of religious rites to differntiate them from, the main current It was Guru Gobind Singh who decided to prescribe the present five "Kakars" as an outer mark of true disciplship. The incident of initation by the sword (Khanda) came of about two and a half decades of the martyrdom of Guru Teg Bahadur in Chandni Chowk Delhi No sikh dared come forward except one, too cremate the dead body of the Guru. And it greatly pained Guru Gobind Singh. Sikhs had not



www.AKJ.Org

as distrintive form, then has it is today so that they could be recgnized among millions. The Hindu masses of the 17th and 18th cuntury were down-troddon and coward The question before Guru Gobind Singh was whether the Khalsa of his conception was to be man high in spirit, independent in judgement brave in inten tions and free from the shackles of the old Hindu orthodoxy owing his allegience not to the Mughal Emperor but only to the Almighty ? or he was also to be one like his depressed and degraded country-men who were dejected and coward in spirit, weak in action pessimist and who considered the might of the Mughal Emperor more than the might of the multiple gods.

Khalsa. it was decided by the Tenth Guru, was to retain a separate and distinct form, was to follow a different code and lead a life becoming of a brave and honourable person.

The Guru then commanded the five Kakars, and delivered the Holi-Amrit (sacramentred by the Sword (Khanda) and by recitation of the five hymns (Gurbani) on the condition that the baptized sikh will adopt these five kakars and retain them till his last breath. He may renounce life, but under no condition renounce the five kakars. And we have a brave history of the sikhs built on this simple vow.

(2)

The times have changed. The modern man has been hypnotized by men of science, who are aware of their own limitations and shaliwness of their knowledge of the world of matter. They know little of the world of Spirit, of which the great Gurus were masters. Our present world has been gripped by a tendency of scientific enquiry of every physical, social as well as spiritual phenomena. As it is, it is beyond human intellect to give explanation of each and every phenomana. And perhaps this has given birth to doubt and nihilism. The persent generation, instead of taking the commands of the Gurus as the basis of self realization has startcd demanding explantion of the use of the five kakars.

And they pose a question. Is it really essential to keep long hair and other sikh symbols for achieving self realization ?.

Gurmukh Nihal Singh Ex-Governer Rajsthan (India) in his article. Sikhism in the Age of Science and Socialism,' published in the Gurdwara Gazette of June 1967 discusses the point at some length, but he shys away to say with emphasis that self-reatization is possible through sikhism only, if one wants to adopt most modern and latest techniques developed by the ten Gurus. The other possible ways of self reatization are in one way or the other conventional methods.

But a modern Truth-Seeker would like to adopt, not the old and conventional methods but the most modern one.

Guru Gobind Singh developed a new, simple and effective method of self-realization which has stood the test of the most horrible times, especially first half of 18th -century of the history of Punjabi.

It has set before the Indian Society and the world at large, that how a handful of dust' can be raised to the stature of dignity power and self realization through single-minded devotion and faith in Guru (now Guru Granth Sahib) whatever Guru Gobind Singh commanded and prescribed the faithfull has taken it as the Word of the Lord. The doubtful have ever remained trimmers for whom , as Dante said there is place neither in hell nor in heaven. True, a sikh truth-seeker would never bother about hell or heaven. But unlike the doutbful, he is a man more of action than of mere Contemplation, a man who lives more than he merely exists. In short he is a man who rises above the petty quibbles of those who want to attain truth and self realization. but spend their time not in fruitful activity. (ਬਾਕੀ ਪੰਨਾ ੩੪ ਤੇ ..)



www.AKJ.Org

# ਖਾਲਸੇ ਦਾ ਜਨਮਦਿਨ-ਵੈਸਾਖੀ

ਪ੍ਰਿੰ: ਕੁਲਦੀਪ ਸਿੰਘ ਹਉਰਾ

ਵੈਸਾਖੀ ਖਾਲਸੇ ਦਾ ਜਨਮਦਿਨ ਹੈ। ਇਸ ਦਿਨ ੧੬੯੯ ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਅੱਜ ਤੋਂ ੨੯੯ ਸਾਲ ਪਹਿਲਾਂ, ਇਸ ਦਿਨ ਕਲਗੀਧਰ ਪਾਤਸ਼ਾਹ ਜੀ ਨੇ ਸਿੱਖ-ਜੱਥੇ-ਬੰਦੀ ਵੀ ਕਾਇਮ ਕਰ ਦਿੱਤੀ ਸੀ। ਇਸੇ ਦਿਨ ਪੰਜ ਰਹਿਤਵਾਨ ਸਿੱਖਾਂ ਨੂੰ ਅਗੋਂ ਅੰਮ੍ਰਿਤ ਦੇ ਚਾਹਵਾਨਾਂ ਨੂੰ, ਅੰਮ੍ਰਿਤ ਛਕਾਉਣ ਦਾ ਹੱਕ ਵੀ ਪ੍ਰਾਪਤ ਹੋ ਗਿਆ ਸੀ। ਨਤੀਜਾ ਇਹ ਹੋਇਆ ਕਿ ਗੁਰਦੁਆਰਿਆਂ ਵਿੱਚ, ਸੜਕਾਂ ਦੇ ਕੰਢਿਆਂ ਤੇ, ਰੱਕੜਾਂ ਤੇ ਬੇਲਿਆਂ ਵਿੱਚ, ਘਰਾਂ ਤੇ ਘਰਾਂ ਤੋਂ ਬਾਹਰ ਜੰਗਲਾਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਾਇਆ ਜਾਣ ਲੱਗ ਪਿਆ। ਇਸ ਲਹਿਰ ਨੇ ਆਸਚਰਜ ਉਨੱਤੀ ਕੀਤੀ ਤੇ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ। ਇਤਿਹਾਸਕਾਰ ਪੇਨ ਨੇ ਲਿਖਿਆ ਹੈ, **One of the most important results of Gobind Singh's action was the large increase in the number of his followers."** ਅਰਥਾਤ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਕਾਰਜ ਦੇ ਮਹਾਨ ਸਿਟਿਆਂ ਵਿੱਚੋਂ ਇਕ ਇਹ ਹੋਇਆ ਕਿ ਉਨ੍ਹਾਂ ਦੇ ਪੈਰੋਕਾਰਾ ਦੀ ਸੰਖਿਆ ਵਿੱਚ ਬਹੁਤ ਵਾਧਾ ਹੋ ਗਿਆ।

ਖਾਲਸੇ ਦੀ ਸਥਾਪਨਾ ਦਾ ਸਿੱਖਾਂ ਦੀਆਂ ਭਾਵਨਾਵਾਂ ਤੇ ਵਿਚਾਰਾਂ ਉਤੇ ਡੂੰਘਾ ਪ੍ਰਭਾਵ ਪਿਆ। ਗੁਰੂ ਸਾਹਿਬ ਨੇ ਆਦੇਸ਼ ਦਿੱਤਾ ਕਿ ਅਮ੍ਰਿਤਧਾਰੀ ਸਿੱਖ ਇਕ ਅਕਾਲ ਪੁਰਖ ਤੋਂ ਸਿਵਾ ਕਿਸੇ ਹੋਰ ਤੇ ਵਿਸ਼ਵਾਸ਼ ਨਾ ਰੱਖੇ ਤੇ ਨਾ ਹੀ ਊਚ-ਨੀਚ ਤੇ ਜ਼ਾਤ-ਪਾਤ ਨੂੰ ਮੰਨੇ। ਆਓ । ਅੱਜ ਆਪਣੇ ਅੰਦਰ ਝਾਤ ਮਾਰ ਕੇ ਵੇਖੀਏ ਕਿ ਸੱਚ-ਮੁੱਚ ਅਸਾਂ ਸਤਿਗੁਰੂ ਦੇ ਆਦੇਸ਼ ਤੇ ਫੁੱਲ ਚੜਾਏ ਹਨ ? ਪਰ ਅਸੀਂ ਤਾਂ ਅਕਾਲ ਪੁਰਖ ਨੂੰ ਵਿਸਾਰ ਕੇ, ਮਨੁੱਖਾਂ ਉਤੇ ਤਕਵਾ ਚੱਖਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਸ਼ਬਦ-ਗੁਰੂ ਨੂੰ ਭੁੱਲ ਕੇ "ਦੇਹਧਾਰੀ ਗੁਰੂਆਂ" ਦੇ ਮਗਰ ਲੱਗ ਗਏ ਹਾਂ ਊਚ-ਨੀਚ ਦੇ ਮਾਮਲੇ ਵਿੱਚ ਗੱਲ-ਗੱਲ ਤੱਕ ਖੁਭੇ ਪਏ ਹਾਂ।

ਗੁਰੂ ਸਾਹਿਬ ਨੇ ਤਾਂ ਸਿੱਖ ਸਮਾਜ ਦਾ ਜ਼ਾਤ-ਪਾਤ ਰਹਿਤ ਵਹਿਮ- ਭਰਮ ਰਹਿਤ ਨਿਰਮਾਣ ਕੀਤਾ ਸੀ, ਪਰ ਅਸੀਂ ਫੇਰ ਉਸੇ ਦਲਦਲ ਵਿੱਚ ਫੱਸ ਗਏ ਹਾਂ,ਜਿਸ ਵਿੱਚ ਗੁਰੂ ਜੀ ਨੇ ਬਾਂਹ-ਫੜ ਕੇ ਕੱਢਿਆ ਸੀ।

ਖਾਲਸੇ ਦੀ ਸਾਜਨਾ ਨਾਲ ਸਿੱਖਾਂ ਦੇ ਆਚਰਨ ਵਿੱਚ ਵੱਡੀ ਤਬਦੀਲੀ ਆਈ ਸੀ। ਪ੍ਰਿੰਸੀਪਲ ਤੇਜਾ ਸਿੰਘ ਤੇ ਭਾ: ਗੰਡਾ ਸਿੰਘ ਨੇ ਲਿਖਿਆ ਹੈ, ਖਾਲਸੇ ਦੀ ਸਾਜਨਾ ਨਾਲ ਸਿਖਾਂ ਦੇ ਆਚਰਨ ਵਿੱਚ ਮਹਾਨ ਪ੍ਰੀਵਰਤਨ ਆਇਆ ਤੇ ਜਿਹੜੇ ਲੋਕ ਮਨੁੱਖਤਾ ਦੇ ਵਾਧੂ ਅੰਗ ਸਮਝੇ ਜਾਂਦੇ ਸਨ, ਉਹ ਕਿਸੇ ਕਰਾਮਾਤੀ ਸ਼ਕਤੀ ਨਾਲ ਅਦਭੁਤ ਬਣਾ ਦਿਤੇ ਗਏ। ਉਹ ਲੋਕ ਜਿਹੜੇ ਸਦਾ ਉੱਚੀਆਂ-ਜਾਤੀਆਂ ਦੇ ਦਾਸ ਬਣ ਕੇ ਰਹਿ ਰਹੇ ਸਨ, ਗੁਰੂ ਗੋਬਿੰਦ ਸਿੰਘ ਜੀ ਦੀ ਇਨਕਲਾਬੀ ਅਗਵਾਈ ਹੇਠਾਂ ਉਹ ਸੂਰਬੀਰ ਯੋਧੇ ਬਣ ਗਏ। ਹੁਣ ਉਹਨਾਂ ਨੂੰ ਕਿਸੇ ਪ੍ਰਕਾਰ ਦਾ ਡਰ ਨਾ ਰਿਹਾ ਤੇ ਹੁਣ ਉਹ ਆਪਣੇ ਗੁਰੂ ਦੇ ਹੁਕਮ ਉਤੇ ਮੌਤ ਨਾਲ ਗਲਵਕੜੀ ਪਾਉਣ ਨੂੰ ਤਿਆਰ ਰਹਿੰਦੇ।"

ਜਦੋਂ ਵਹਿਮਾਂ-ਭਰਮਾਂ, ਜਾਤਾਂ-ਗੋਤਾਂ ਨੂੰ ਖਤਮ ਕਰਕੇ ਗੁਰੂ ਸਾਹਿਬ ਨੇ ਸਿੱਖਾਂ ਦਾ ਨਵ-ਨਿਰਮਾਣ ਕੀਤਾ ਤਾਂ ਕੌਮੀ-ਏਕਤਾ ਦੇ ਰਾਹ ਵਿੱਚ ਆਉਣ ਵਾਲੀਆਂ ਸਭ ਰੁਕਾਵਟਾਂ ਆਪਣੇ ਆਪ ਹੱਟਦੀਆਂ ਗਈਆਂ, ਮਿਟਦੀਆਂ ਗਈਆਂ। ਹਰ ਸਿੱਖ ਦੇ ਨਾਂ ਨਾਲ 'ਸਿੰਘ' ਤੇ ਹਰ ਸਿੱਖਣੀ ਦੇ ਨਾਂ ਨਾਲ 'ਕੌਰ' ਲਗਾ ਕੇ ਇਕ ਵਿਸ਼ੇਸ਼ ਵਿਅਕਤਿਤਵ ਬਖਸ਼ ਦਿੱਤਾ ਗਿਆ, ਜਿਸ ਨਾਲ ਉਹਨਾਂ ਅੰਦਰ ਭਾਵਕ-ਏਕਤਾ ਪੈਦਾ ਹੋ ਗਈ। ਊਚ-ਨੀਚ ਭੇਦ-ਭਾਵ ਮਿੱਟ ਗਿਆ ਤੇ ਸਾਰੇ ਆਪਣੇ ਆਪ ਨੂੰ ਇਕ-ਸਮਾਨ ਸਮਝਣ ਲੱਗੇ। ਪਰ ਅੱਜ ਆਪਣੇ ਨਾਵਾਂ ਨਾਲ 'ਸਿੰਘ' ਤੇ 'ਕੌਰ' ਦਾ ਪ੍ਰਯੋਗ ਕਰਨਾ ਪਿਛਾਂਹ- ਖਿਚੂ ਰੁਚੀ ਦੇ ਤੁਲ ਸਮਝਿਆ ਜਾਨ ਲੱਗ ਪਿਆ ਹੈ। ਸਿੰਘ ਤੇ ਕੌਰ ਦਾ ਸਾਡੇ ਨਾਵਾਂ ਨਾਲ ਲਿਖਿਆ ਜਾਣਾ ਤੇ ਬੁਲਾਇਆ ਜਾਣਾ ਸਾਡੇ ਸਭਿਆਚਾਰ ਦਾ ਅਨਿਖੜਵਾਂ-ਅੰਗ ਰਿਹਾ ਹੈ ਤੇ ਰਹਿਣਾ ਚਾਹੀਦਾ ਹੈ, ਪਰ ਜਦੋਂ ਅਸੀਂ ਆਪਣੀ ਸਭਿਅਤਾ ਆਪਣਾ ਸਭਿਆਚਾਰ ਤਿਆਗਨ ਦਾ ਹੀ ਫੈਸਲਾ ਲੈ ਲਿਆ ਹੋਵੇ ਤਾਂ ਸਮਝੋ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋਣ ਦਾ ਮਾਣ ਵੀ ਗੁਆ ਲਿਆ। ਗੁਰੂ ਸਾਹਿਬ ਤਾਂ ਆਪਣਾ ਸਿੱਖ ਉਸ ਨੂੰ ਮੰਨਦੇ ਹਨ, ਜੋ ਉਨ੍ਹਾਂ ਦੀ ਦੱਸੀ-ਰਹਿਤ ਅਪਨਾਂਦਾ ਹੈ। ਆਪ ਦਾ ਫੁਰਮਾਨ ਹੈ, *"ਰਹਿਣੀ ਰਹੈ ਸੋਈ ਸਿੱਖ ਮੇਰਾ। ਓਹ ਸਾਹਿਬ ਮੈਂ ਉਸ ਕਾ ਚੇਰਾ।"*

ਭਾਵੇਂ ਰਹਿਣੀ ਤੋਂ ਮੁਰਾਦ ਕੇਵਲ ਬਾਹਰਲੀ ਰਹਿਤ ਹੀ ਨਹੀਂ, ਪਰ ਫੌਜੀ ਦੀ ਪਹਿਚਾਨ ਜਿਵੇਂ ਉਸ ਦੀ ਵਰਦੀ ਤੋਂ ਹੁੰਦੀ ਹੈ ਤਿਵੇਂ ਹੀ ਸਿੱਖ ਦੀ ਪਹਿਚਾਣ ਉਸ ਦੇ ਬਾਹਰਲੇ ਸਰੂਪ ਤੇ ਸੀਰਤ ਤੋਂ ਹੀ ਬਣਦੀ ਹੈ।

ਸਾਡੀ ਪਹਿਚਾਨ ਸਾਡੇ ਨਾਂ, ਸਾਡੇ ਕਿਰਦਾਰ ਤੇ ਸਾਡੇ ਸਦਾਚਾਰ ਤੋਂ ਹੀ ਹੋਣੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ, ਸਿੱਖ ਨੂੰ ਸਿਪਾਹੀ ਦਾ ਰੂਪ ਦੇ



www.AKJ.Org

ਦਿੱਤਾ ਤੇ ਪਹਿਲੇ ਗੁਰੂਆਂ ਦੇ ਰਾਹ ਤੋਂ ਭਟਕਾ ਦਿੱਤਾ ਤੇ ਸਿੱਖ ਧਰਮ ਦੇ ਮੁੱਢਲੇ ਅਸੂਲ, ਕਿਰਤ ਕਰਨੀ ਨਾਮ ਜਪਣਾ ਤੇ ਵੰਡ ਛਕਣਾ ਛੱਡ ਦਿਤੇ ਤੇ ਕੇਵਲ ਮਾਰ-ਧਾੜ ਤੇ ਲੜਾਈ-ਝਗੜਾ ਹੀ ਕਰਨ ਲੱਗ ਪਏ। ਪਰ ਅਸਲ ਗਲ ਇਹ ਹੈ ਕਿ ਗੁਰੂ ਸਾਹਿਬ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਸਿੱਖਾਂ ਨੂੰ "ਸੰਤ ਸਿਪਾਹੀ" ਬਣਾ ਕੇ, ਉਹਨਾਂ ਅੰਦਰ ਮੀਰੀ-ਪੀਰੀ ਦਾ ਸਿਧਾਂਤ ਦ੍ਰਿੜ੍ਹ ਕਰਾਇਆ ਸੀ ਤੇ ਉਪਦੇਸ਼ ਇਹ ਦਿੱਤਾ ਸੀ ਕਿ ਨਾਮ ਜਪਦਿਆਂ ਹੋਇਆਂ, ਦਸਾਂ ਨੌਂਹਾਂ ਦੀ ਕਿਰਤ ਕਰਦਿਆਂ ਹੋਇਆਂ ਵੀ ਜੇਕਰ ਕੋਈ ਬਦੋਂ-ਬਦੀ ਤੁਹਾਡੇ ਗਲ ਪੈਣ ਨੂੰ ਆਵੇ ਤਾਂ ਆਪਣੇ ਬਚਾਅ ਲਈ ਤੇ ਜ਼ਾਲਮ ਨੂੰ ਸਬਕ ਸਿਖਾਉਣ ਲਈ ਤਲਵਾਰ ਦੀ ਵਰਤੋਂ ਜਾਇਜ਼ ਹੈ-

"ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ-ਸਮਸ਼ੀਰ ਦਸਤ॥"

(ਦਸਮ ਗ੍ਰੰਥ-੧੩੯੦)

ਇਸ ਦਾ ਇਹ ਅਰਥ ਕਦੇ ਵੀ ਨਹੀਂ ਬਣਦਾ ਕਿ ਖਾਲਸਾ ਨਿਰਦੋਸ਼, ਨਿੱਹਥੇ ਤੇ ਨਿਆਸਰੇ ਉਤੇ ਹੱਲਾ ਕਰੇ, ਸਗੋਂ ਇਹ ਬਣਦਾ ਹੈ ਕਿ ਨਿਰਦੋਸ਼ ਨਿੱਹਥੇ ਤੇ ਨਿਆਸਰੇ ਦੀ, ਸਹਾਇਤਾ ਕਰਨ ਲਈ ਜੇਕਰ ਭਗੌਤੀ ਦਾ ਪ੍ਰਯੋਗ ਕਰਨਾ ਹੀ ਬਾਕੀ ਵਸੀਲਾ ਰਹਿ ਜਾਵੇ ਤਾਂ ਐਸਾ ਕਰਨਾ ਉਚਿੱਤ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ 'ਸੰਤ ਸਿਪਾਹੀ' ਦੀ ਇਕ ਜਮਾਤ ਤਿਆਰ ਕਰ ਦਿੱਤੀ ਤੇ ਉਸ ਨੂੰ ਦੋਹਾਂ ਖੇਤਰਾਂ ਵਿਚ ਇਕੋ ਜਿਹੇ ਢੰਗ ਨਾਲ ਸਾਵਧਾਨ ਰਹਿਣ ਲਈ ਕਿਹਾ ਗੁਰੂ ਸਾਹਿਬ ਉਸੇ ਵਿਅਕਤੀ ਨੂੰ ਸਫਲ ਮੰਨਦੇ ਹਨ, ਜੋ ਨਾਮ ਜਪਦਿਆਂ ਵੀ ਹਿਰਦੇ ਅੰਦਰ ਬੁਰਾਈਆਂ ਨਾਲ ਜੂਝਣ ਬਾਰੇ ਸੋਚੇ। ਆਪ ਦਾ ਕਥਨ ਹੈ-

"ਧੰਨ ਜੀਓ ਤਿਹ ਕੋ ਜਗ ਮੈਂ,
ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥"

(ਦਸਮ ਗ੍ਰੰਥ-ਪੰਨਾ ੩੭੦)

ਅੰਮ੍ਰਿਤਧਾਰੀ ਲਈ ਕਿਰਪਾਨ ਰਹਿਤ ਦਾ ਇਕ ਅੰਗ ਬਣਾ ਦਿਤੀ ਗਈ, ਜਿਸ ਦਾ ਭਾਵ ਇਹ ਸੀ ਕਿ ਕਿਰਪਾਨ ਕੇਵਲ ਉਸ ਦੀ ਨਿੱਜੀ ਰਖਿਆ ਵਾਸਤੇ ਹੀ ਨਹੀਂ ਸੀ, ਸਗੋਂ ਉਸ ਦੇ ਜ਼ਿੰਮੇ ਜਾਤੀ ਦੀ ਰਖਿਆ ਦਾ ਕੰਮ ਵੀ ਸੌਂਪਿਆ ਗਿਆ ਸੀ। ਜਦੋਂ ਸ਼ਤਰੂ ਬਦੋ-ਬਦੀ ਗਲ ਪੈਣ ਦੀ ਕਰੇ, ਬਹੂ-ਬੇਟੀਆਂ ਦੀ ਆਬਰੂ ਖਤਰੇ ਵਿੱਚ ਹੋਵੇ, ਗੁਰਧਾਮਾਂ ਦੀ ਪਵਿਤ੍ਰਤਾ ਭੰਗ ਕੀਤੀ ਜਾ ਰਹੀ ਹੋਵੇ, ਮਾਸੂਮ-ਬੱਚੇ ਨੀਹਾਂ ਵਿੱਚ ਚਿੰਣ ਦੇਣ ਤੋਂ ਵੀ ਗੁਰੇਜ਼ ਨਾ ਕੀਤਾ ਜਾਵੇ ਤਾਂ ਫੇਰ ਭਗੌਤੀ ਨੂੰ ਮਿਆਨ ਵਿਚੋਂ ਕੱਢਣਾ ਜਾਇਜ਼ ਹੋ ਜਾਂਦਾ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ, ਬਾਬਾ ਦੀਪ ਸਿੰਘ ਜੀ ਸ਼ਹੀਦ ਵਰਗੇ ਸੂਰਮਿਆਂ ਨੇ ਅਜਿਹੀਆਂ ਸਥਿਤੀਆਂ ਵਿਚੋਂ ਹੀ ਕਿਰਪਾਨ ਮਿਆਨ 'ਚੋਂ ਕੱਢੀ ਤੇ ਖੰਡਾ ਖੜਕਾਇਆ ਸੀ। ਉਸ ਤੋਂ ਪਿਛੋਂ ਵੀ ਪੰਜਾਬ ਦੇ ਰਾਜਨੀਤਕ ਘੋਲ ਵਿੱਚ ਮਹੱਤਵ-ਪੂਰਨ ਭਾਗ ਲੈਂਦਿਆਂ, ਲਗ-ਪਗ ਇਕ ਸਦੀ ਦੇ ਅੰਦੋਲਨ ਪਿਛੋਂ, ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ, ਨਾ ਕੇਵਲ ਪੰਜਾਬ ਨੂੰ ਮੁਗਲਾਂ ਤੋਂ ਆਜ਼ਾਦ ਹੀ ਕਰਾਇਆ, ਸਗੋਂ ਸ਼ੇਰੇ ਪੰਜਾਬ ਦੇ ਰਾਜ ਦੀਆਂ ਹੱਦਾਂ ਨੂੰ ਦੂਰ-ਦੂਰ ਤੱਕ ਫੈਲਾਇਆ ਵੀ।

ਪਰ ਅੱਜ ਉਸੇ ਕਿਰਪਾਨ ਨੂੰ ਅਸਾਂ ਕੇਵਲ ਇੱਕ ਚਿੰਨ੍ਹ ਬਣਾ ਕੇ ਰੱਖ ਦਿਤਾ ਹੈ ਤੇ ਉਸ ਨੂੰ ਕੰਘੇ ਲਗਾ ਕੇ ਕੇਸਾਂ ਵਿੱਚ ਦਸਤਾਰ ਹੇਠ ਲੁਕਾ ਦਿੱਤਾ ਹੈ। ਨਤੀਜਾ ਸਾਹਮਣੇ ਹੈ ਕਿ ਸਿੱਖ ਦੀ ਸਿੱਖੀ ਨੂੰ, ਸਿਖ ਦੇ ਧਰਮ ਨੂੰ, ਸਿੱਖ ਦੇ ਕਲਚਰ ਨੂੰ ਵੰਗਾਰਿਆ ਜਾਂਦਾ ਹੈ।

ਕੜਾ ਵੀ ਹੁਣ ਸਰਬ-ਲੋਹ ਦਾ ਨਹੀਂ ਰਹਿਣ ਦਿੱਤਾ ਗਿਆ। ਉਸ ਦਾ ਸਰੂਪ ਵਿਗਾੜ ਕੇ ਉਸ ਨੂੰ ਇਸਤਰੀਆਂ ਦੇ ਗਹਿਣੇ ਵਾਂਗ ਬਣਾ ਦਿੱਤਾ ਗਿਆ ਹੈ। ਸਿੱਖ ਦੇ ਹੱਥ ਵਿੱਚ ਸਰਬ ਲੋਹ ਦੇ ਕੜੇ ਦਾ ਹੋਣਾ ਇਸ ਗੱਲ ਦਾ ਸੰਕੇਤ ਸੀ, ਕਿ ਜਿਸ ਬਾਂਹ ਵਿੱਚ ਕੜਾ ਪਹਿਨਿਆ ਹੋਵੇ, ਉਸ (ਬਾਂਹ) ਨਾਲ ਧਿੰਗਾ, ਜੋਰੀ, ਲੜਾਈ-ਝਗੜਾ, ਲੁੱਟ-ਖਸੁੱਟ ਨਾ ਕੀਤੀ ਜਾਵੇ, ਨਾ ਹੀ ਉਸ ਹੱਥ ਨਾਲ ਅਜਿਹਾ ਕੰਮ ਕੀਤਾ ਜਾਵੇ, ਜਿਸ ਦੇ ਕਰਨ ਨਾਲ ਸ਼ਰਮਿੰਦਾ ਹੋਣਾ ਪਵੇ। ਪਰ ਅੱਜ ਕੜੇ ਨੂੰ ਖਿਡੌਣਾ ਬਣਾ ਦਿੱਤਾ ਗਿਆ ਹੈ। ਹੁਣ ਕਈ ਲੋਕ ਇਸ ਨੂੰ ਫੈਸ਼ਨ ਦੇ ਤੌਰ 'ਤੇ ਪਹਿਨੀ ਫਿਰਦੇ ਹਨ।

ਪੰਜਾਂ-ਕਕਾਰਾਂ ਵਿਚੋਂ ਕੰਘਾ ਕੇਸਾਂ ਦੀ ਸਫਾਈ ਲਈ ਵਰਤੋਂ ਵਿਚੋਂ ਆਉਣ ਵਾਲਾ ਕਕਾਰ ਹੈ। ਇਸ ਨੂੰ ਸਦਾ ਕੇਸਾਂ ਵਿੱਚ ਰੱਖਣ ਦਾ ਆਦੇਸ਼ ਹੈ। ਪਰ ਅਸਾਂ ਆਪਣੀ ਸੁਵਿਧਾ ਅਨੁਸਾਰ ਕੰਘੇ ਉਤੇ ਕਿਰਪਾਨ ਤੇ ਖੰਡੇ ਦਾ ਚਿੰਨ੍ਹ ਲਗਵਾ ਲਿਆ ਹੈ। ਇਸ ਤਰ੍ਹਾਂ ਸੁੱਖ-ਰਹਿਣੇ ਵਿਅਕਤੀ ਕਿਰਪਾਨ ਗਲ ਵਿੱਚ, ਗਾਤਰੇ ਰਾਹੀਂ ਲਟਕਾਉਣ ਤੋਂ ਮੁਕਤ ਹੋ ਗਏ ਹਨ। ਜੇਕਰ ਅਸੀਂ ਇਤਨੇ ਹੀ ਕਕਾਰਾਂ ਤੋਂ ਮੁਕਤ ਹੋਣ ਦੇ ਬਹਾਨੇ ਸੋਚ ਰਹੇ ਹਾਂ ਤਾਂ ਮਰਜ਼ੀ ਸਾਡੀ ਹੋਈ, ਗੁਰੂ ਸਾਹਿਬ ਦੀ ਤੇ ਨਾ ਹੋਈ। ਐਸੇ ਕੰਘੇ ਵੀ ਕੇਸਾਂ ਵਿੱਚ ਵੀ ਨਹੀਂ ਰੱਖੇ ਜਾਂਦੇ, ਸਗੋਂ ਵਾਧੂ ਸ਼ੈ ਸਮਝ ਕੇ, ਮੇਜ਼ਾਂ ਤੇ, ਅਲਮਾਰੀਆਂ ਵਿੱਚ ਰੱਖੇ ਜਾਂਦੇ ਹਨ। ਜੋ ਲੋਕ ਬਖਸ਼ੀ ਹੋਈ ਦਾਤ (ਕੰਘਾ, ਕੜਾ, ਕਿਰਪਾਨ, ਕਛਹਿਰਾ ਕੇਸਕੀ ਆਦਿ) ਨਹੀਂ ਸੰਭਾਲ ਸਕਦੇ, ਉਹ ਸਿੱਖੀ ਦਾ ਢੌਂਗ ਰਚਦੇ ਹਨ। ਜੋ ਸਿੱਖ ਅਖਵਾਦੇ ਹੋਏ ਵੀ ਦਾਹੜੀ ਕੱਟਿਆ ਕਰਦੇ ਹਨ, ਉਨ੍ਹਾਂ ਨੂੰ ਸੰਸਾਰ -ਪ੍ਰਸਿੱਧ ਫਿਲਾਸਫਰ



www.AKJ.Org

ਸਾਹਿਬ ਨੇ ਕੀਤਾ, ਉਹ ਇਹ ਸੀ ਕਿ ਪੰਜ ਤਿਆਰ-ਬਰ-ਤਿਆਰ ਸਿੰਘਾਂ ਅੱਗੇ ਹੱਥ ਜੋੜ ਕੇ ਖੜੇ ਹੋ ਗਏ ਤੇ ਅੰਮ੍ਰਿਤ ਦੀ ਦਾਤ ਮੰਗਦਿਆਂ ਕਿਹਾ -

"ਖਾਲਸਾ ਜੀ । ਅੰਮ੍ਰਿਤ ਦੀ ਦਾਤ ਗੋਬਿੰਦ ਰਾਏ ਨੂੰ ਬਖਸ਼ ਕੇ ਉਸ ਨੂੰ 'ਗੋਬਿੰਦ ਸਿੰਘ" ਹੋਣ ਦਾ ਮਾਣ ਬਖਸ਼ੋ। ਇਸ ਤਰ੍ਹਾਂ ਗੁਰੂ ਸਾਹਿਬ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ, ਖਾਲਸੇ ਵਿੱਚ ਅਭੇਦ ਹੋ ਗਏ। ਆਪ ਨੇ ਫੁਰਮਾਇਆ :-

"ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰੋ ਨਿਵਾਸ॥"

ਜਦੋਂ ਖਾਲਸਾ ਗੁਰੂ ਹੈ ਤੇ ਗੁਰੂ ਖਾਲਸਾ, ਤਾਂ ਖਾਲਸਾ ਅਖਵਾਉਣ ਵਾਲਿਆਂ ਨੂੰ ਉਹਨਾਂ ਸਿਫਤਾਂ ਦਾ ਮਾਲਕ ਬਣਨਾ ਪਵੇਗਾ ਜਿਹੜੀਆਂ ਸਿਫਤਾਂ ਗੁਰੂ ਸਾਹਿਬ ਨੇ ਖਾਲਸੇ ਨੂੰ ਬਖਸ਼ੀਆਂ ਹਨ।

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਤਾੜਨਾ ਕੀਤੀ ਸੀ ਕਿ ਉਹਨਾਂ ਨੇ 'ਨਾਮ' ਦੀ ਮਹਿਮਾ ਨੂੰ ਨਾ ਸਮਝਿਆ ਤੇ ਆਪਣੇ ਜੀਵਨ ਨੂੰ ਠੀਕ-ਸੇਧ ਨਾ ਦਿੱਤੀ ਤਾਂ ਵੱਧ ਤੋਂ ਵੱਧ ਫੌਜੀ, ਸ਼ਕਤੀ ਵੀ ਉਹਨਾਂ ਦੀ ਰਾਖੀ ਨਹੀਂ ਕਰ ਸਕੇ। ਉਨ੍ਹਾਂ ਨੇਕ ਕਮਾਈ ਕਰਨ, ਆਪਣੇ ਫਰਜ਼ਾਂ ਦੀ ਪਹਿਚਾਣ ਕਰਨ, ਅਕਾਲ ਪੁਰਖ 'ਤੇ ਭਰੋਸਾ ਰੱਖਣ, ਕਰਮ-ਕਾਂਡਾਂ ਤੋਂ ਬਚਣ ਅਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਸੀ ਆਪਣੇ ਖਾਲਸਾ ਜੀ ਨੂੰ।

ਦਿਲਾਂ ਅੰਦਰ ਝਾਤੀਆਂ ਮਾਰ ਕੇ ਦੇਖਣ ਦੀ ਲੋੜ ਹੈ ਆਪਣੇ ਜਨਮ-ਦਿਨ ਤੇ ਕਿ ਕੀ ਸੱਚ-ਮੁੱਚ ਅਸੀਂ ਗੁਰੂ ਸਾਹਿਬ ਦੇ ਦੱਸੇ ਅਨੁਸਾਰ ਜੀਵਨ ਬਤੀਤ ਕਰ ਰਹ ਹਾਂ ਕਿ ਆਪਣੀ ਮਨ-ਮਰਜ਼ੀ ਨਾਲ ?

ਆਪਣੇ ਕਾਰ-ਵਿਹਾਰ ਵਿੱਚ ਅਸੀਂ ਕਿਤਨੇ ਈਮਾਨਦਾਰ ਹਾਂ? ਪੂਰਾ ਮਿਣਦੇ ਹਾਂ, ਪੂਰਾ ਤੋਲਦੇ ਹਾਂ? ਮਿਲਾਵਟ ਤਾਂ ਨਹੀਂ ਕਰਦੇ ? ਆਪਣੀ ਡਿਊਟੀ ਸਮੇਂ ਸਿਰ ਨਿਭਾਂਦੇ ਹਾਂ? ਬਿਨਾਂ ਵੱਢੀ ਲਏ ਕਿਸੇ ਦਾ ਕੰਮ ਆਪਣਾ ਫਰਜ਼ ਸਮਝ ਕੇ ਕਰਦੇ ਹਾਂ?

ਅੱਜ ਅਸੀਂ ਗੁਰੂ ਦੀ ਕਿਰਪਾ ਤੇ ਵਿਸ਼ਵਾਸ਼ ਰੱਖਣ ਦੀ ਬਜਾਏ, ਆਪਣੀ ਸਿਆਣਪ, ਆਪਣੇ ਸਾਧਨਾਂ, ਕਬਰਾਂ, ਪੀਰਾਂ, ਦੀਵਿਆਂ, ਜੋਤਾਂ, ਜੋਤਸ਼ੀਆਂ, ਵਰਤਾਂ, ਦੇਹਧਾਰੀ ਗੁਰੂਆਂ ਦੇ ਦੱਸੇ ਉਪਾਵਾਂ ਉਤੇ ਭਰੋਸਾ ਰੱਖਣ ਲੱਗ ਪਏ ਹਾਂ। ਨਤੀਜਾ ਸਾਡੇ ਸਾਹਮਣੇ ਹੈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ, ਹਰ ਪ੍ਰਕਾਰ ਦੇ ਨਸ਼ਿਆਂ ਦੀ ਵਰਤੋਂ ਕਰਨ ਤੋਂ ਵਰਜਿਆ ਸੀ। ਅੱਜ ਜੇ ਸਰਵੇਖਣ ਕਰਾ ਕੇ ਵੇਖਿਆ ਜਾਏ ਤਾ ਪਤਾ ਲੱਗੇਗਾ ਕਿ ਹੋਰ ਕੌਮਾਂ ਦੇ ਟਾਕਰੇ, ਅਸੀਂ ਨਸ਼ਿਆਂ ਦਾ ਸੇਵਨ ਕਰਨ ਵਿੱਚ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ।

ਇੰਦੂ ਭੂਸ਼ਨ ਬੈਨਰਜੀ ਨੇ ਲਿਖਿਆ ਹੈ, "ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਰੜੀ ਤਾੜਨਾ ਕੀਤੀ ਸੀ ਕਿ ਜੇ ਉਹਨਾਂ ਵਿੱਚ ਬੁਨਿਆਦੀ ਸਭਿਆਚਾਰ ਤੇ ਭਗਤੀ-ਭਾਵਨਾ ਦਾ ਅਭਾਵ ਹੋ ਗਿਆ ਤਾਂ ਉਹਨਾਂ ਦੀ ਰਾਜਸੀ ਜਾਂ ਫੌਜੀ ਸ਼ਕਤੀ ਵੀ ਵਿਅਰਥ ਜਾਏਗੀ।"

ਅੱਜ ਖਾਲਸਾ ਜੀ ਨੂੰ ਆਪਣੀ ਵਰ੍ਹੇ-ਗੰਢ ਦੇ ਅਵਸਰ ਤੇ ਲੇਖਾ-ਜੋਖਾ ਕਰਨਾ ਪਵੇਗਾ ਕਿ ਅਸੀਂ ਪਿਛਲੇ ਸਾਲਾਂ ਵਿੱਚ ਕੀ ਗੁਆਇਆ ਤੇ ਕੀ ਖੱਟਿਆ ਹੈ ?

ਅਸੀਂ ਖਾਲਸਾ ਜੀ ਦੀ ਤੀਸਰੀ-ਜਨਮ ਸ਼ਤਾਬਦੀ ਦੇ ਮੌਕੇ ਤੇ ਸੁਮੱਚੇ ਪੰਥ ਨੂੰ ਅੰਮ੍ਰਿਤਧਾਰੀ ਵੇਖਣ ਦਾ ਟੀਚਾ ਮਿਥਿਆ ਹੋਇਆ ਹੈ। ਅੱਜ ਸਾਨੂੰ ਹਿਸਾਬ-ਕਿਤਾਬ ਕਰਨਾ ਪਵੇਗਾ ਕਿ ਇਸ ਟੀਚੇ ਦੀ ਪ੍ਰਾਪਤੀ ਲਈ ਕੀ ਕੁਝ ਕਰਨ ਦੀ ਜ਼ਰੂਰਤ ਹੈ ਕੀ, ਛੱਡਣਾ ਹੈ, ਕੀ ਅਪਨਾਉਣਾ ਹੈ।

੧੯੯੯ ਦੀ ਵੈਸਾਖੀ ਹੁਣ ਦੂਰ ਨਹੀਂ। ਓਹ ਸਾਡੀਆਂ ਬਰੂਹਾਂ ਤੇ ਖੜੀ ਸਾਨੂੰ ਸਾਵਧਾਨ ਕਰ ਰਹੀ ਹੈ, "ਖਾਲਸਾ ਜੀ । ਆਪਣਾ ਫਰਜ਼ ਪਹਿਚਾਨੋ"

---

(ਪੰਨਾ ੩੧ ਦਾ ਬਾਕੀ ...)

As a faithful disciple of the Guru he knows no other way of self-realization, through the scholarly philosophers around him who may tempthim to deflect Gurmukh Nihal Singh's voice, in his article referred to above, seemes to be modulated by the trimmers who have neither faith in self-realization nor they seem intensely in thirst of it. The thirsty would take the shortest means to quench his thirst.

It is fultile to suggest to him the possible ways of quenching the thirst. Self-realization demands firmness of mind and singleness of devotion mingled with a life of truth and self-abnegation.

All the sikh symbols have mystifical meaning understood by those who tread on the path of self-realization.



www.AKJ.Org

# ਗੁਰਮਤਿ ਅਧਿਆਤਮਕ ਕਰਮ ਫਿਲਾਸਫ਼ੀ-੯

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ੧੨ ਕਰਮਾਂ ਉਪਰਿ ਨਿਬੜੇ

(ਲੜੀ ਜੋੜਨ ਲਈ ਦੇਖੋ ਸੂਰਾ ਮਾਰਚ ੯੮)

ਕਰਤੇ ਪੁਰਖ ਦੀ ਸਾਜੀ ਹੋਈ ਧਰਤੀ ਰੂਪੀ ਧਰਮ ਸਾਲ ਵਿਖੇ ਅਨੇਕ ਰੰਗ ਦੇ ਅਨਿਕ ਪ੍ਰਕਾਰੀ ਜੋਨਿ ਜੁਗਤੀਆ ਦੇ ਅਨੇਕ ਅਨੰਤ ਨਾਵਾਂ ਦੇ ਜੀਅ ਜੰਤ ਵਸਦੇ ਹਨ। ਤਿਨਾਂ ਦਾ ਓਹਨਾ ਦੇ ਆਪੋ ਆਪਣੇ ਕਰਮਾਂ ਅਨੁਸਾਰ ਵਾਹਿਗੁਰੂ ਦੀ ਦਰਗਾਹ ਅੰਦਰਿ ਪੂਰਨ ਵੀਚਾਰ ਹੋ ਕੇ ਸਚਾ ਨਿਆਉਂ ਨਿਬੜਦਾ ਹੈ। ਕਿਉਂਕਿ ਓਹ ਆਪ ਭੀ ਸਚਾ ਹੈ ਅਤੇ ਉਸਦਾ ਦਰਬਾਰ ਭੀ ਸਚਾ ਹੈ। ਉਸਦੇ ਸਚੇ ਨਿਆਉਂ ਇਨਸਾਫ ਵਾਲੀ ਅਦਾਲਤ (ਕੋਰਟ) ਭੀ ਸਚੀ ਹੈ। ਓਥੇ (ਉਸ ਦਰਬਾਰ ਵਿਖੇ ) ਪੁਗ ਖੜੋਤੇ ਪੰਚ ਜਨਾਂ ਹੀ ਪਰਵਾਨ ਹੋਏ ਹਨ। ਪੰਚ ਪਰਵਾਨ ਗੁਰਮੁਖ ਜਨਾਂ ਨੂੰ ਹੀ ਓਥੇ ਸਚੀ ਸੋਭਾ ਮਿਲਦੀ ਹੈ। ਉਸ ਸਚੇ ਦਰਬਾਰ ਵਿਖੇ ਇਹੀ ਪੰਚ ਪਰਵਾਨ ਹੋਏ ਵੇ ਗੁਰਮੁਖਾਂ ਸਚੇ ਅਹਿਲਾਕਾਰਾਂ ਸਚੇ ਦਰਬਾਰੀਆਂ. ਦਾ ਹੀ ਸੋਭਨੀਕ ਦੀਵਾਨ ਸਜਦਾ ਹੈ। ਜੀਵਾਂ ਦਾ ਧਰਤੀ ਧਰਮਸਾਲ (ਧਰਮ ਕਰਮ ਦੀ ਸ਼ਾਲਾਂ) ਦੇ ਜੀਵਾਂ ਦੇ ਕਰਮਾਂ ਧਰਮਾਂ ਦਾ ਓਹਨਾਂ ਦੇ ਕਰਮਾਂ ਅਨੁਸਾਰ ਹੀ ਨਿਆਂਉਂ ਵੀਚਾਰਿਆ ਜਾਂਦਾ ਹੈ ਅਤੇ ਸੱਚੇ ਸਚ ਨਿਬੇੜਾ ਹੁੰਦਾ ਹੈ। ਨਦਰੀ ਦੀ ਨਦਰਿ ਨੀਸਾਣ ਵਾਲੇ ਤਿਥੇ ਸੁਰਖਰੂਈਆਂ ਦੇ ਸੇਹਰੇ ਸੋਂਹਦੇ ਹਨ। ਓਹਨਾਂ ਨੂੰ ਜਿਣਿ ਬਾਜੀ ਘਰਿ ਆਇਆ ਦੇ ਸੇਹਰੇ ਸਿਰੋਪਾਇ ਮਿਲਦੇ ਹਨ। ਕੱਚਿਆਂ ਪਿੱਲਿਆਂ ਦੀ ਓਥੇ ਪੱਕੀ ਸੋਧ ਸੁਧਾਈ ਹੁੰਦੀ ਹੈ। ਸੱਚਿਆਂ ਤੇ ਪੱਕਿਆਂ ਦੀ ਸਚਿਆਈ ਤੇ ਪਕਿਆਈ ਦੀ ਉਥੇ ਪਰਖ ਹੁੰਦੀ ਹੈ। ਕਰਮਾਂ ਦੀ ਪਰਖ ਨਿਰਖ ਅਨੁਸਾਰ ਨਦਰ ਪਾਤਰਾਂ ਨੂੰ ਨਦਰੀ (ਵਾਹਿਗੁਰੂ ਨਦਰਾਂ ਵਾਲੇ) ਦੀ ਨਦਰਿ ਨਿਹਾਲਤਾ ਦਾ ਨੀਸਾਣ ਮਿਲਦਾ ਹੈ। ਧੁਰਿ ਸਚੜੇ ਨਿਆਂਉਂ ਅਸਥਾਨੀ ਗਇਆਂ ਹੀ ਪੂਰੀ ਕਸੌਟੀ ਤੇ ਲਗਿਆਂ, ਇਮਤਿਹਾਨ ਵਿਚ ਪੂਰੇ ਨਿਕਲਦੇ ਹਨ। ਸੇਈ ਪ੍ਰਵਾਣ ਪੈਂਦੇ ਹਨ। ਇਹ ਗੁਰ ਨਾਨਕ ਸਾਹਿਬ ਦਾ ਸਪਸ਼ਟ ਫੁਰਮਾਨ ਹੈ। ਯਥਾ ਗੁਰਵਾਕ :-

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥੩੪॥(ਪੰਨਾ ੭)

ਇਉਂ ਕਰਮਾਂ ਦੀ ਖੇਡ ਨਿਆਉਂ ਤੇ ਨਿਬੜਦੀ ਹੈ। ਨਿਰੰਕਾਰ ਦੀ ਨਿਗਰਾਨੀ ਹੇਠਾਂ ਧਰਮ ਰਾਇ ਆਪਣੀ ਹਜ਼ੂਰੀ ਵਿਚਿ ਸੰਸਾਰੀ ਜੀਵਾਂ ਦੀਆਂ ਚੰਗਿਆਈਆਂ ਬੁਰੀਆਈਆਂ, ਚੰਗੇ ਮੰਦੇ ਕਰਮ ਕੀਤੇ ਕਰਮਾਂ ਦੀ ਪੜਤਾਲ ਕਰਦਾ ਹੈ। ਨੇਕੀਆਂ ਅਤੇ ਬਦੀਆਂ ਅਰਥਾਤ ਨੇਕ ਤੇ ਬਦ ਅਮਲਾਂ ਦੀ ਕਰਨੀ ਆਪੋ ਆਪਣੇ ਕਰਮਾਂ ਅਨੁਸਾਰ ਜ਼ਰੂਰ ਭੁਗਤਣੀ ਪਏਗੀ। ਕਿਸੇ ਨੂੰ ਨੇੜੇ ਦਾ ਗੇੜ ਸੁਰਗ ਨਰਕ ਦੀ ਹੇਰਾ ਫੇਰੀ ਦਾ ਭੁਗਤਣਾ ਪੈਂਦਾ ਹੈ। ਕਿਸੇ ਨੂੰ ਲਖ ਚੁਰਾਸੀ ਦੇ ਲੰਮੇ ਫੇਰ ਵਿਚਿ ਪਾਇਆ ਜਾਂਦਾ ਹੈ। ਬੇਦਾ ਚਾਰੀ ਲੋਕਾ ਚਾਰੀ ਚੰਗੇ ਕਰਮ ਵਾਲਿਆਂ ਨੂੰ ਭੀ ਧਰਮਰਾਇ ਦੀ ਹਜ਼ੂਰੀ ਵਿਚਿ ਜਾ ਕੇ ਕੀਤੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ। ਸਭਨਾਂ ਨੂੰ ਧਰਮ ਰਾਇ ਦੀ ਹਜ਼ੂਰੀ ਭੁਗਤਣੀ ਪੈਂਦੀ ਹੈ॥

"ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ"

(ਪੰਨਾ ੧੪੧੪)

ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਦੜਾ ਗੁਰਮਤਿ ਕਰਮ ਕਰਨ ਵਾਲਿਆਂ ਨੂੰ ਧਰਮ ਰਾਇ ਦੀ ਕਚਹਿਰੀ ਵਿਚਿ ਨਹੀਂ ਜਾਣਾ ਪੈਂਦਾ ਹੋਰ ਸਭ ਲੇਖੇ ਅੰਦਰਿ ਹਨ। ਕਰਮਾ ਦਾ ਲੇਖਾ ਸਭ ਤੋਂ ਲਿਆ ਜਾਂਦਾ ਹੈ। ਨਹੀਂ ਲਿਆ ਜਾਂਦਾ ਤਾਂ ਨਾਮ ਅਭਿਆਸ ਕਮਾਈ ਵਾਲਿਆਂ ਪਾਸੋਂ ਨਹੀਂ ਲਿਆ ਜਾਂਦਾ। ਤਿਸ ਨੂੰ ਧਰਮ ਰਾਇ ਪਾਸ ਨਹੀਂ ਜਾਣਾ ਪੈਂਦਾ। ਸਗੋਂ ਧਰਮ ਰਾਇ ਓਹਨਾਂ ਦਾ ਹੁਕਮੀ ਬੰਦਾ ਹੋ ਕੇ ਕਾਰ ਕਮਾਵਣ ਨੂੰ ਤਤ ਪਰ ਰਹਿੰਦਾ ਹੈ। ਓਹ ਸਿਧੇ ਸਚੇ ਦੇ ਦਰਬਾਰਿ ਸਚ ਖੰਡ ਵਿਖੇ ਜਾਂਦੇ ਹਨ ਅਤੇ ਮੁਖ ਉਜਲਾ ਲੈਕੇ ਜਾਂਦੇ ਹਨ। ਓਹਨਾਂ ਦੀਆਂ ਕਰਮਾਂ ਦੀਆਂ ਮੁਸ਼ੱਕਤਾਂ ਘਾਲਾਂ ਇਥੇ ਹੀ ਘਾਲੀਆਂ ਜਾਂਦੀਆਂ ਹਨ। ਸਭ ਲੇਖੇ ਕਰਮ ਮੁਸ਼ੱਕਤਾਂ ਦੇ ਏਥੇ ਘਾਲੇ ਜਾਂਦੇ ਹਨ।ਅਵਲ ਤਾਂ ਨਾਮ ਅਭਿਆਸ ਸਿਫਤ ਸਲਾਹ ਰੂਪੀ ਸਚੜੀ ਕਮਾਈ ਵਾਲੇ ਦੂਤੀਆ ਕੋਈ ਕਰਮ ਛੁਟ ਨਾਮ ਕਮਾਈ ਦੇ ਕਰਦੇ ਹੀ ਨਹੀ। ਜੇਹੜਾ ਕੋਈ ਕਰਮ ਪਹਿਲਾਂ ਨਾਮ ਦੀ ਪ੍ਰਾਪਤੀ ਤੋਂ ਪਹਿਲਾਂ ਕੀਤਾ ਹੋਇਆ ਹੁੰਦਾ ਹੈ ਓਸਦਾ ਲੇਖਾ ਓਥੇ ਹੀ ਮੁਕ ਜਾਂਦਾ ਹੈ। ਮੁੜ ਨਹੀਂ ਲਿਆ ਜਾਂਦਾ ਉਨ੍ਹਾਂ ਪਾਸੋਂ। ਸਗੋਂ ਨਾਮ ਧਿਆਵਨ ਹਾਰਿਆਂ ਉਜਲ ਦੀਦਾਰਿਆਂ ਦੇ ਨਾਲਿ ਹੋਰ ਭੀ ਕੇਤੀ ਲੁਕਾਈ ਦਾ ਇਸ ਲੇਖੇ ਤੋਂ ਛੁਟਕਾਰਾ ਹੋ ਜਾਂਦ ਹੈ। ਅਤੇ ਹੋਰ ਭੀ ਅਨੇਕਾਂ ਦਾ ਮੁਖ ਉਜਲਾ ਹੋ ਜਾਂਦਾ ਹੈ। ਤਿਨਾਂ ਦੀ ਸਚੀ ਸੰਗਤ ਦੇ ਤੁਫੈਲ ਮਰਥੋਤਮ ਕਰਮੀ ਉਜਲ ਮੁਖੀਆਂ ਦੀ ਘਾਲਣਾ ਦੇ ਨਾਲਿ ਕੇਤੜੇ ਹੀ ਆਨ ਕਰਮ ਮੁਸ਼ਕਤੀਆਂ ਦੀ ਮੁਸ਼ਕਤ ਘਾਲੀ ਜਾਂਦੀ ਹੈ। ਕੇਤੜਿਆਂ ਦੀ ਕਰਮ ਫਾਸ ਕੱਟੀ ਜਾਂਦੀ



www.AKJ.Org

ਹੈ। ਇਉਂ ਕੇਤੀ ਹੀ ਆਵਾਗਵਨੀ ਗੇੜ ਤੋਂ ਛੁਟ ਜਾਂਦੇ ਹਨ। ਸਭਨਾਂ ਦੀ ਬੰਦ ਖਲਾਸ ਹੋ ਜਾਂਦੀ ਹੈ, ਨਰਕ ਨਿਵਾਸ ਚੋਂ ਭੀ ਬੰਦ-ਖਲਾਸ ਹੋ ਜਾਂਦੀ ਹੈ:-

"ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

ਇਉਂ ਓਹਨਾਂ ਦੀ ਕਰਮ ਗਤਿ ਭੀ ਨਿਬੜ ਜਾਂਦੀ ਹੈ ਓੜਕ ਕਰਮਾਂ ਤੇ ਹੀ ਨਿਬੇੜਾ ਹੁੰਦਾ ਹੈ। ਅੰਤ ਨਿਬੇੜਾ ਹੰਦਾ ਤਾਂ ਕੇਤੀ ਛੁਟੀ ਨਾਲਿ ਵਾਲਿਆਂ ਦਾ ਹੀ ਹੈ। ਜੇਹੋ ਜੇਹਾ ਕਰਮ ਕਿਸੇ ਨੇ ਕੀਤਾ ਹੁੰਦਾ ਤੇਹੋ ਜੇਹਾ ਹੀ ਉਸ ਦਾ ਨਿਬਾੜਾ ਹੋ ਰਹਿੰਦਾ ਹੈ "ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ"(ਪੰਨਾ੩੩) ਜੇਹਾ ਕੋਈ ਕਰਮ ਕਰਦਾ ਹੈ ਤੇਹਾ ਹੀ ਓਹ ਓੜਕ ਇਸ ਜਗ ਵਿਖੇ ਭੀ ਪਰਸਿਧ ਹੋ ਜਾਂਦਾ ਹੈ। ਅੰਤਿ ਅਉਸਰਿ ਜਾ ਕੇ ਜੇ ਹੜਾ ਨਿਬੇੜਾ ਹੋਣਾ ਹੈ ਓਹ ਤਾਂ ਹੋ ਕੇ ਰਹਿੰਦਾ ਹੈ। ਏਥੇ ਅੰਦਰਿ ਬਹਿ ਕੇ ਸੁਭ ਅਸੁਭ ਕਰਮ ਕਰਨ ਵਾਲਿਆਂ ਦੀ ਓੜਕ, ਉਜਾਗਰਤਾ ਹੋ ਜਾਂਦੀ ਹੈ। ਧਰਮ ਕਰਮ ਕਮਾਵਣ ਹਾਰਿਆਂ ਦੀ ਮਸ਼ਹੂਰੀ ਭੀ ਹੋਏ ਬਿਨਾਂ ਨਹੀਂ ਰਹਿੰਦੀ। ਧਰਮ ਦੇ ਕਰਮ ਕਰਨ ਹਾਰੇ ਹੋਣ ਕਰਕੇ ਉਹਨਾਂ ਨੂੰ ਸਭ ਕੋਈ ਧਰਮੀ ਬੰਦੇ ਆਖਦਾ ਹੈ। ਅਤੇ ਬੁਰੇ ਪਾਪ ਕਰਮ ਕਰਨ ਹਾਰਿਆਂ ਦਾ ਨਾਉਂ ਪਾਪੀ ਬੰਦੇ ਪੈ ਜਾਂਦਾ ਹੈ। ਪਾਪੀ ਲੋਗ ਭਾਵੇਂ ਧਰਤੀ ਵਿਚਿ ਲੁਕ ਕੇ ਭੀ ਪਾਪ ਕਰਮ ਕਮਾਵਿਨ ਓਹਨਾਂ ਦੇ ਪਾਪ ਕਰਮ ਦਾ ਪੜਦਾ ਓੜਕ ਉਘੜਿ ਹੀ ਆਉਂਦਾ ਹੈ। ਸ਼ੁਭ ਅਸ਼ੁਭ ਉਜਾਗਰਤਾ ਭੀ ਇਕ ਪ੍ਰਕਾਰ ਓਹਨਾਂ ਦੇ ਸ਼ੁਭ ਅਸ਼ੁਭਕਰਮਾਂ ਦਾ ਨਿਆਉਂ ਨਿਬੇੜਾ ਹੀ ਹੈ।

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥" (ਪੰਨਾ ੧੩੮)

ਕਰਤੇ ਪੁਰਖ ਨੇ ਆਪੇ ਹੀ ਸਭ ਜਗਤੁ ਉਪਾਇਆ ਹੈ ਅਤੇ ਆਪਿ ਹੀ ਉਪਾਇ ਕੇ ਆਪੇ ਹੀ ਸਾਰਾ ਜਗਤੁ ਸਿਰਿ ਸਿਰਿ ਧੰਧੇ ਲਾਇਆ ਹੈ। ਆਪੇ ਹੀ ਮੋਹ ਦੀ ਠਗਉਰੀ ਪਾਇ ਕੇ ਆਪੇ ਹੀ ਜਗਤੁ ਨੂੰ ਨਿਜ ਸਰੂਪ ਗਿਆਨਤੋਂ ਗੁਮਰਾਹ ਕਰਾਇਆ ਹੈ। ਮੋਹ ਠਗਉਰੀ ਦੇ ਠਗੇ ਹੋਇਆਂ ਦੇ ਅੰਦਰਿ ਤ੍ਰਿਸ਼ਨਾ ਦੀ ਅੰਧੇਰੀ ਅਗਨੀ ਭੜਕ ਉਠਦੀ ਹੈ। ਤੇ ਓਹਨਾਂ ਦੀ ਭੁਖ ਤੇਹ ਮਿਟਦੀ ਹੀ ਨਹੀਂ ਉਹ ਸਦਾ ਭੁਖੇ ਤਿਹਾਏ ਹੀ ਰਹਿੰਦੇ ਹਨ। ਤ੍ਰਿਪਤਿ ਹੀ ਨਹੀਂ ਹੁੰਦੇ। ਮੋਹ ਦਾ ਗ੍ਰਸਿਆ ਹੋਇਆ ਸੰਸਾਰ ਮੁਜੱਸਮ ਸੰਸਾ ਹੀ ਬਣਿ ਰਹਿਆ ਹੈ। ਸੰਸੇ ਰੂਪ ਹੀ ਹੋਇ ਰਹਿਆ ਹੈ। ਸਤਿਗੁਰ ਬਿਨਾਂ ਇਹ ਮੋਹ ਟੁਟਦਾ ਨਹੀਂ। ਚਾਹੇ ਸਾਰਾ ਸੰਸਾਰ ਕਿਤਨੇ ਹੀ ਹੋਰ ਅਨਮਤੀ ਕਰਮ ਕਰਿ ਕਰਿ ਥਕ ਰਹੇ। ਗੁਰਮਤਿ ਨਾਮ ਧਿਆਇਕੇ ਸਿਫਤਿ ਸਾਲਾਹ ਰੂਪੀ ਸਰਬੋਤਮ ਗੁਰਮਤਿ ਕਰਮ ਕਰ ਕੇ ਵਾਹਿਗੁਰੂ ਦਾ ਭਾਣੇ ਅੰਦਰਿ ਸੁਖ ਰੱਜ ਤ੍ਰਿਸ਼ਨ ਤ੍ਰਿਪਤੱਜ ਹੋ ਜਾਂਦਾ ਹੈ। ਓਹ ਆਪ ਤਾਂ ਉਧਰਦਾ ਹੀ ਹੈ ਸਾਰੀ ਆਪਣੀ ਕੁਲ ਨੂੰ ਭੀ ਓਧਾਰਨਹਾਰਾ ਹੋ ਜਾਂਦਾ ਹੈ। ਉਸਦੇ ਜਨਣਹਾਰੀ ਮਾਤਾ ਭੀ ਧੰਨਤਾ ਯੋਗ ਹੋ ਜਾਂਦੀ ਹੈ। ਇਉਂ ਹਰਿ ਸੇਤੀ ਚਿਤ ਲਾਉਣ ਵਾਲਿਆਂ ਦੀ ਸੁਰਤਿ ਭੀ ਸੁਹਾਵਣੀ ਹੋ ਜਾਂਦੀ ਹੈ ਅਤੇ ਸੋਭਾ ਭੀ ਸੁਹਾਵਣੀ ਬਣਿ ਜਾਂਦੀ ਹੈ।

"ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੈ ਲਾਇਆ॥
ਮੋਹ ਠਗਉਲੀ ਪਾਇਕੈ ਤੁਧੁ ਆਪਹੁ ਜਗਤੁ ਖੁਆਇਆ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ॥ ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ॥੨॥
(ਵਾਰ ਮਾਝ ਕੀ ਪੰਨਾ ੧੩੮-੩੯)

ਓੜਕ ਨਿਬੇੜਾ ਨਾਮ ਸੁਰਤੀਸਰਾਂ ਦੇ ਨਾਮ ਨਿਹਕਰਮੀ ਕਰਮ ਉਤੇ ਹੀ ਹੈ, ਜਿਸਨੇ ਕੋਟ ਕਰਮ ਕਰ ਕੇ ਨਾਲਿ ਦਿਆਂ ਦਾ ਤੇ ਕੁਲਾਂ ਦਾ ਭੀ ਉਧਾਰ ਕਰਿ ਦਿਤਾ। ਸਭ ਕੁਛ ਕਰਮਾ ਉਪਰ ਹੀ ਨਿਬੜਦਾ ਹੈ। ਆਂਪੋਂ ਤਾਂ ਪ੍ਰਾਨੀ ਸਭ ਕੁਛਹੀ ਲੈਣਾ ਲੋਚਦਾ ਹੈ। ਉਸਦੀ ਨਿਜ ਲੋਚਾ ਅਨੁਸਾਰ ਓਹਨੂੰ ਕੁਛ ਨਹੀ ਮਿਲਦਾ। ਜੇ ਆਪਣੀ ਲੋਚਾ ਅਨੁਸਾਰ ਲੋਚਿਆ ਹੋਇਆ ਹਰੇਕ ਪਦਾਰਥ ਇਸ ਅਲਪਗ ਪ੍ਰਾਨੀ ਨੂੰ ਮਿਲ ਜਾਵੇ ਤਾਂ ਹਰ ਕੋਈ ਭਾਗਾਂ ਵਾਲਾ ਹੋ ਕੇ ਨਾ ਬਹਿ ਜਾਵੇ। ਆਪੋਂ ਹੀ ਭਾਗਾਂ ਵਾਲਾ ਨਾ ਹੋਇ ਬਹੇ। ਇਹ ਤਾਂ ਜਿਸ ਕਰਤਾਰ ਨੇ ਸ੍ਰਿਸਟੀ ਰੂਪੀ ਰਚਨਾ ਦਾ ਕਾਰਣ ਕੀਤਾ ਹੈ ਸੋਈ ਕਰਣਹਾਰ ਕਰਤਾ ਆਪਣੇ ਕੀਤੇ ਹੋਏ ਪ੍ਰਾਨੀਆਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਹੱਕੋ ਹੱਕ ਨਿਬੜਾ ਕਰਦਾ ਹੈ। ਓਹੀ ਰਚਨਹਾਰ ਕਰਤਾਰ ਸਭਨਾਂ ਦੀ ਸਾਰ ਲੈਂਦਾ ਹੈ। ਆਪਣੇਂ ਹੁਕਮ ਦੀ ਖੇਡ ਅਨੁਸਾਰ ਹੀ ਕਰਮ ਕਰਾਉਂਦਾ ਹੈ। ਓੜਕ ਅੰਤ ਨਿਬੇੜੇ ਵਾਲੇ ਕਰਮ ਕਰਾਇ ਕੇ ਉਹਨਾਂ ਦੇ ਅੰਤ ਨਿਬੇੜਾ ਕਲਿਆਣ ਮੁਕਤੇੜਾ ਕਰ ਦਿੰਦਾ ਹੈ। ਯਥਾ ਗੁਰਵਾਕ :-

"ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥


www.AKJ.Org

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥੩॥
ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥
ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥੪॥੧॥੧੮॥
(ਪੰਨਾ ੧੫੭) (ਗਉੜੀ ਬੈਰਾਗਣਿ ਮਹਲਾ ੨)

ਜਿਸ ਕਿਸੀ ਨੇ ਕਰਤੇ ਪੁਰਖ ਸਚੜੇ ਖਸਮ ਦਾ ਸਹੜਾ ਹੁਕਮ ਵਾਹਿਗੁਰੂ ਨਾਮੁ ਨਹੀਂ ਜਪਿਆ ਓਥੇ ਕਿਸੇ ਹੁਕਮੋਂ ਮੁਨਹਰਫ (ਆਕੀ) ਬੰਦੇ ਨੂੰ ਕਦੀ ਵਡਾਈ ਮਿਲਦੀ ਹੈ, ਨਾ ਮਿਲੀ ਨਾ ਮਿਲ ਸਕਦੀ ਹੈ। ਜੇਹੋ ਜੇਹੇ ਕੋਈ ਕਰਮ ਕਮਾਉਂਦਾ ਹੈ ਤਿਨਾਂ ਕਰਮਾਂ ਅਨੁਸਾਰ ਤਿਸ ਨੂੰ ਤੇਹੋ ਜੇਹੇ ਹੀ ਫਲ ਮਿਲਦੇ ਹਨ। ਕਰਮ-ਫਲ ਪਰਦਾਤਾ ਤਾਂ ਕਰਤਾਰ ਹੀ ਹੈ, ਪਰ ਨਿਬੇੜਾ ਕਰਮਾਂ ਅਨੁਸਾਰ ਕਰਦਾ ਹੈ। ਨਿਬੇੜਾ ਕਰਨਹਾਰ ਫਲ ਦੇਣਹਾਰ ਉਹ ਆਪ ਹੈ, ਕਰਮਾਂ ਉਪਰ ਹੀ ਨਿਬੇੜਦਾ ਹੈ।

"*ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ* ॥" ਪਉੜੀ ੩੨
(ਪੰਨਾ ੩੧੭) (ਗਉੜੀ ਕੀ ਵਾਰ ਮ: ੪)

ਇਸ ਗੁਰਵਾਕ ਦੇ ਭਾਵ ਤੋਂ ਸਪਸ਼ਟ ਇਹ ਗਲ ਨਿਤਰਦੀ ਹੈ ਕਿ ਜੈਸੇ ਕੋਈ ਕਰਮ ਕਮਾਵੰਦਾ ਹੈ ਤੈਸੇ ਹੀ ਓਹਨਾਂ ਕਰਮਾਂ ਦੇ ਅਨੁਸਾਰ ਉਸ ਨੂੰ ਫਲ ਮਿਲਦੇ ਹਨ ਤੇਹੋ ਜੇਹੇ ਕਰਮ ਹੀ ਫਲਦੇ ਹਨ ਜੇਹੋ ਜੇਹੇ ਕਰਮ ਕੋਈ ਕਮਾਵੰਦਾ ਹੈ। ਕਰਮਾਂ ਦੇ ਫਲਾਂ ਦਾ ਦੇਣਹਾਰ ਦਾਤਾਰ ਕਰਤਾਰ ਕਰਮ ਬਿਧਾਤਾ ਆਪਿ ਹੈ। ਪਰ ਕੀਤੇ ਕਰਮਾਂ ਉਤੇ ਹੀ ਅੰਤ ਨਿਬੇੜਾ ਹੁੰਦਾ ਹੈ। ਕੀਤੇ ਕਰਮ ਹੀ ਕਰਮਾਂ ਦੇ ਬੀਜ ਅਨੁਸਾਰ ਫਲਦੇ ਹਨ। ਬੀਜ ਨੂੰ ਫਲ ਦੇਣ ਹਾਰਾ ਵਾਹਿਗੁਰੂ ਕਰਤਾਰ ਹੈ। ਨਾ ਕਰਮਾ ਨੂੰ ਕਰਨ ਹਾਰਾ ਇਹ ਫੜ੍ਹ ਮਾਰ ਸਕਦਾ ਹੈ ਕਿ ਮੈ ਕਰਮਾਂ ਦਾ ਫਲ ਲਿਆ ਹੈ। ਨਾ ਹੀ ਕਰਮ ਆਪੋਂ ਕਰਨ ਦੀ ਸਤਿਆ ਰਖਦੇ ਹਨ। ਨਿਰਜੀਵ ਕਰਮ ਆਪੋਂ ਸੁਫਲ ਫਲਣ ਦੀ ਸੱਤਿਆ ਤੋਂ ਹੀਣ ਹਨ। ਇਹ ਤਾਂ ਉਸ ਬੀਜ ਦੀ ਨਿਆਂਈ ਹਨ ਜਿਸ ਨੂੰ ਕਿਰਸਾਣ ਬੀਜਦਾ ਹੈ। ਤਿਸ ਬੀਜ ਦਾ ਅੰਕੂਰ ਤਦੋਂ ਹੀ ਉਗਵਦਾ ਹੈ ਜਦੋਂ ਕਿਰਸਾਣ ਬੋਏ ਬੀਜ ਦੀ ਬੀਜਾਈ ਸੁਘੜਤਾ ਨਾਲ ਕਰਦਾ ਹੈ ਧਰਤੀ ਨੂੰ ਵਾਹ ਕੇ ਸੁਹਾਗ ਕੇ ਸੁਮੌਸਮਾ ਬੀਜ ਬੋਵੰਦਾ ਹੈ ਬੀਜ ਬੋ ਕੇ ਬੀਜੇ ਖੇਤ ਦੀ ਰਖਵਾਲੀ ਲਈ ਵਾੜ ਕਰਦਾ ਹੈ।ਉਗਵੇ ਬੀਜ ਦੀ ਅੰਕੂਰਤ ਖੇਤੀ ਦੀ ਸਮੇਂ ਸਮੇਂ ਸਿਰ ਸਿੰਚਾਈ (ਸਿੰਜਾਈ) ਕਰਦਾ ਹੈ। ਖੇਤੀ ਨੂੰ ਸਿੰਜ ਸਵਾਰ ਕੇ ਉਸਦੀ ਗੁਡਾਈ ਕਰਦਾ ਹੈ। ਉਗਵੀਂ ਖੇਤੀ ਨੂੰ ਗੁੱਡ ਕੇ ਉਸ ਵਿਚੋਂ ਘਾਹ ਫੂਸ ਆਦਿਕ ਸਭ ਸਾਫ ਕਰ ਦਿੰਦਾ ਹੈ ਤਦ ਖੇਤੀ ਇਤਨੀ ਕਮਾਈ ਕੀਤਿਆਂ ਹੀ ਸਫਲ ਫਲਣ ਦੀ ਸੂਰਤਿ ਅਖਤਿਆਰ ਕਰਦੀ ਹੈ। ਏਤਨੀ ਕਮਾਈ ਕਰਦਿਆਂ ਕਮਾਈ ਕਰਨਹਾਰਾ ਫੇ ਰ ਭੀ ਦਾਅਵਾ ਨਹੀ ਬੰਨ ਸਕਦਾ ਕਿ ਉਸਦੀ ਕਮਾਈ ਉਸਦੀ ਐਨ ਇਛਾ ਅਨੁਸਾਰ ਫਲੀਭੂਤ ਹੋਵੇਗੀ। ਕਮਾਈ ਨੂੰ ਫਲ ਦੇ ਨਾ ਸੁਫਲ ਫਲਾਉਣਾ ਕਰਨੇਹਾਰ ਕਰਤਾਰ ਦੇ ਵਸ ਵਿਚ ਸੀ। ਜੇ ਉਹੀ ਚਾਹੇ ਤਾਂ ਖੜੀ ਖੇਤੀ ਨੂੰ ਗੜੇ ਮਾਰ ਤੋ ਬਚਾਵੇ ਅਤੇ ਹੋਰ ਕਈ ਪ੍ਰਕਾਰ ਦੀਆਂ ਅਲਾਵਾਂ ਬਲਾਵਾਂ ਤੋਂ ਰਖਿਆ ਕਰੇ। ਪੱਕੀ ਅਤੇ ਪੱਕਕੇ ਫਲਣਹਾਰ ਵਢੀ ਹੋਈ ਲਾਣ ਦੋ ਢੁਆਈ ਨੂੰ ਸਿਰੇ ਲਾਵੇ। ਪਿੜ ਵਿਚਿ ਗਾਹੇ ਲਾਣ ਚੋਂ ਅਥੱਕ ਮਿਹਨਤ ਕੀਤਿਆਂ ਤੋੜ ਪੁਚਾਵੇ। ਅਤੇ ਦਾਣਾ ਫੱਕਾ ਘਰਿ ਲਿਆ ਕੇ ਬੋਹਲਾਂ ਤੋਂ ਬੁਖਾਰ ਭਰਾਵੇ। ਇਸ ਸਾਰੀ ਘਾਲੀ ਮੁਸ਼ਕਤ ਵਿਚਿ ਮੁਸ਼ਕਤ ਘਾਲਣਹਾਰਾ ਅਲਪਗ ਇਨਸਾਨ ਰੰਚਕ ਡੀਂਗ ਨਹੀ ਮਾਰ ਸਕਦਾ ਕਿ ਮੇਰੀ ਕੀਤੀ ਹੋਈ ਕਮਾਈ ਆਪੋਂ ਸਫਲ ਹੋਈ ਹੈ ਯਾ ਮੇਰੀ ਹੀ ਮਿਹਨਤ ਮੁਸ਼ਕਤ ਨਾਲਿ ਦਸਤਯਾਬ ਹੋਈ ਹੈ। ਇਨਸਾਨ ਅਲਪਗ ਕਿਰਸਾਨ ਤਾਂ ਬੀਜ ਬੋ ਕੇ ਲਾਂਭੇ ਹੁੰਦਾ ਹੈ, ਉਸ ਦੇ ਮਿੱਠੇ ਬੀਜ ਦੇ ਉਗਵਨ ਦਾ ਹਰਾ ਭਰਾ ਹੋਣ ਦਾ ਇਕ ਬੀਜ ਤੋਂ ਅਨੇਕਾਂ ਬੀਜਾਂ ਵਾਲੇ ਸਿੱਟੇ ਲਗਣ ਦਾ ਜੋ ਸਾਰਾ ਕੁਦਰਤਿ ਕਾਇਨਾਤੀ ਸਿਲਸਿਲਾ ਹੈ ਉਹ ਸਭ ਕਰਤਾਰ ਕਰਨਹਾਰ ਦੇ ਹਥ ਵਸ ਹੈ ਇਨਸਾਨ ਦੀ ਅਕਲ ਹੈਰਾਨ ਹੈ ਕਿ ਕਿਵੇਂ ਹਰੀ ਅੰਗੂਰੀ ਲਹਿਲਹਾਉਂਦੀ ਹੈ। ਕਿਵੇਂ ਅੰਗੂਰ ਤੋਂ ਸ਼ਗੂਫੇ ਉਗਵ ਕੇ ਖਿੜਦੇ ਹਨ ਅਤੇ ਸੋਹਣੇ ਫੁੱਲਾਂ ਦੀ ਸੋਹਣੀ ਸ਼ਕਲ ਸੂਰਤਿ ਅਖਤਿਆਰ ਕਰਦੇ ਹਨ। ਕਿਵੇਂ ਫੁੱਲਾਂ ਤੋਂ ਪਿੱਛੋਂ ਫੇਰ ਭਾਂਤ ਭਾਂਤ ਦਾ ਫਲ ਲਗ ਕੇ ਸਫਲਦੇ ਹਨ। ਇਹ ਸਾਰੀ ਗੁਪਤ ਕਲਾ ਕਾਇਨਾਤੀ ਕੁਦਰਤ ਦੇ ਮਾਲਕ ਕਰਤਾਰ ਦੀ ਸਾਨਿਆ (ਕਾਰੀਗਰੀ) ਹੈ। ਵਿਚਿ ਵਿਚਕਾਰਲੀ ਸਾਨਈ ਖੇਡ ਸਭ ਕਰਤਾਰ ਦੀ ਕੀਤੀ ਵਰਤਦੀ ਹੈ। ਇਸ ਕੁਦਰਤੀ ਗੋਝ ਵਿਚ ਗਿਝੀ ਹੋਈ ਅਤੇ ਗਿਝ ਕੇ ਮਟਰੋੜ ਹੋਈ ਵੀ ਇਨਸਾਨੀ ਅਲਪੱਗ ਅਕਲ ਵਿਸਮਾਦ ਵਿਚਿ ਨਹੀ ਆਉਂਦੀ, ਕਦੇ ਕਦਾਈਂ ਚਕ੍ਰਿਤ ਹੈਰਾਨ ਤਾਂ ਹੁੰਦੀ ਹੈ। ਚਉਂਧੀ ਵਿਚ ਆ ਕੇ ਹੋਊ ਕਰ ਛਡਦੀ ਹੈ ਤੇ ਕੁਦਰਤਿ ਵਿਚ ਕਰਨ ਹਾਰ ਕਾਦਰ ਕਰਤਾਰ ਦਾ ਜ਼ਹੂਰ ਨਹੀਂ ਮਹਿਸੂਸ ਕਰਦੀ। ਇਸਤਰੀ ਪੁਰਸ਼ ਦਾ ਸੰਜੋਗ ਭੋਗ ਹੁੰਦਾ ਹੈ। ਓਹ ਆਪੋ ਆਪਣੀ ਕਾਮ ਕਾਮਨਾ ਅਰਥ ਭੋਗ ਭੋਗ ਕੇ ਲਾਂਭੇ ਹੁੰਦੇ ਹਨ। ਪਰ ਓਹਨਾਂ ਨੂੰ ਰਾਈ ਮਾਤਰ ਭੀ ਮਹਿਸੂਸ ਨਹੀਂ ਹੁੰਦਾ ਕਿ ਕਿਵੇਂ ਗਰਭ ਹੁੰਦਾ ਹੈ ਕਿਵੇਂ ਬਿੰਦ ਤੇ ਪਿੰਡ ਬਣਦਾ ਹੈ ਕਿਵੇਂ ਉਸ ਬਣੇ ਪਿੰਡ ਪੁਤਲੇ ਅੰਦਰਿ ਜਾਨ ਪੈਂਦੀ ਹੈ। ਕਿਵੇਂ ਜੀਵ ਸੱਤਾ ਮਿਲਦੀ ਹੈ। ਕਿਵੇਂ ਗਰਭ ਕੁੰਟ ਦੀ ਅਗਨੀ ਤੋਂ ਜੀਵ ਬਚ ਕੇ ਮਾਤਾ ਦੇ ਉਦਰ ਵਿਚਿ ਪਾਲਣਾ ਪੋਸਨਾ ਪਾਉਂਦਾ ਹੈ। ਇਸ ਸਾਰੀ ਖੇਡ ਵਿਚ ਗੁਪਤ ਹਥ ਕਰਨਹਾਰ



www.AKJ.Org

ਕਰਤਾਰ ਦਾ ਹੈ। ਜਿਵੇਂ ਓਹ ਅਗਮ ਅਗੋਚਰ ਅਤੇ ਨਿਰਾਲਮ ਹੈ, ਤਿਵੇਂ ਉਸ ਦੀ ਖੇਡ, ਕਾਦਰ ਦੀ ਕੁਦਰਤ ਭੀ ਅਗੰਮ ਹੈ। ਅਲਪੱਗ ਇਨਸਾਨੀ ਅਕਲ ਦੀ ਪਹੁੰਚ ਤੋਂ ਅਗੋਚਰ ਹੈ। ਇਸ ਅ-ਸ਼ਕਤਤਾ (ਬਲ-ਹੀਨਤਾ) ਵਿਚ ਜੰਮਿਆ ਪਲਿਆ-ਜੋ ਆਪਣੀ ਸੰਮਾਲ੍ਹ ਆਪ ਨਹੀਂ ਕਰ ਸਕਦਾ, ਕੀ ਡੀਂਗ ਮਾਰ ਸਕਦਾ ਹੈ ਕਿ ਉਸ ਨੇ ਆਪਣੇ ਕਰਤੱਵ ਨਾਲ ਹੀ ਏਹ ਇਨਸਾਨੀ ਸੂਰਤ ਅਖਤਿਆਰ ਕੀਤੀ ਹੈ। ਜੀਵ ਦੇ ਕਰਮਾਂ ਵਿਚ ਭੀ ਅਲਪੱਗ ਜੀਵ ਦੀ ਕੁਝ ਕਮਾਈ ਸਮਾਈ ਨਹੀਂ ਚਲਦੀ। ਅਲਪਗ ਅਕਲ ਦੀ ਸੁਕਰਮਾਂ ਦੀ ਸੁਫਲ ਫਲਾਣੀ ਖੇਡ ਵਿਚ ਕਖ ਭੀ ਚਾਰਾ ਜੋਈ ਨਹੀਂ ਹੋ ਸਕਦੀ। ਹਾਂ, ਨਿਬੇੜਾ ਉਸਦੇ ਕਰਮ ਤੇ ਹੁੰਦਾ ਹੈ। ਓੜਕ ਦੀ ਫਲ-ਪਰਤੁਠਤਾ ਓਸ ਦੇ ਕਰਮਾਂ ਅਨੁਸਾਰ ਹੀ ਨਿਬੜਦੀ ਹੈ।

ਜੀਵ ਨੂੰ ਉਸ ਦੇ ਅੰਧੇ ਕੰਮਾਂ ਦੀ ਅੰਧ ਮਤਿ ਅਨੁਸਾਰ ਕੀਤੇ ਕਰਮਾਂ ਦੀ ਅੰਧੀ ਸਜਾਇ ਜ਼ਰੂਰ ਮਿਲਦੀ ਹੈ ਉਸ ਦੀ ਨਿਜ ਘਾਲੀ ਘਾਲ ਸਭ ਅਜਾਈਂ ਹੀ ਜਾਂਦੀ ਹੈ। ਅਲਪਗ ਜੀਵ ਨਿਕੰਮੇ ਕੰਮਾਂ ਨੂੰ ਚਮ-ਚਿੱਚੜ ਹੋ ਕੇ ਐਵੇਂ ਚਿੰਮੜੇ ਰਹਿੰਦੇ ਹਨ। ਉਸ ਦੇ ਅੰਤੀ ਫਲ ਨੂੰ ਨਹੀਂ ਵਿਚਾਰਦੇ। ਵਿਚਾਰ ਸਕਦੇ ਹੀ ਨਹੀਂ। ਫਲਦਾਈ ਅੰਤ ਫਲ ਸਿੱਟੇ ਨੂੰ ਨਹੀਂ ਵਿਚਾਰਦੇ ਨਾ ਹੀ ਮੂਲ ਦੀ ਤਹਿ ਤੇ ਜਾਂਦੇ ਹਨ (ਜਾ ਸਕਦੇ ਹੀ ਨਹੀਂ) ਐਵੇਂ ਡਾਲੀ ਨੂੰ ਹੀ ਲਗੇ ਰਹਿੰਦੇ ਹਨ।

"ਡਾਲੀ ਲਾਗੈ ਨਿਹਫਲੁ ਜਾਇ॥
ਅੰਧੀ ਕੰਮੀ ਅੰਧ ਸਜਾਇ॥"

(ਪੰਨਾ੩੬੨) (ਆਸਾ ਮ: ੩)

ਅੰਧੇ ਅਕਲੀ ਬਾਹਰੇ ਕੰਮ ਭੀ ਅੰਧਲੇ ਹੀ ਹਨ। ਅੰਧੇ ਕੰਮਾਂ ਦੀ ਸਜਾ ਭੀ ਏਹੋ ਜਿਹੀ ਹੀ ਨਿਬੜਦੀ ਹੈ। ਓੜਕ ਨਿਬੇੜਾ ਕਰਮਾਂ ਉਤੇ ਹੀ ਹੈ। ਮੂੜ ਮਤੀ ਮਨੁਖ ਨੂੰ ਚੰਗੇ ਕਰਮਾਂ ਦਾ ਚੰਗਾ ਫਲ ਜਦੋਂ ਮਿਲਦਾ ਹੈ ਤਾਂ ਉਹਨਾਂ ਚੰਗੇ ਫਲ ਵਾਲੇ ਕਰਮਾਂ ਨੂੰ ਆਪਣੇ ਕੀਤੇ ਕਰਮ ਮੰਨਦਾ ਹੈ। ਅਤੇ ਮੰਦ ਸਜ਼ਾਈ ਵਾਲੇ ਕਰਮਾਂ ਦਾ ਦੋਸ਼ ਦੂਜਿਆਂ ਤੇ ਲਾਉਂਦਾ ਹੈ। ਆਪ ਇਨ੍ਹਾਂ ਕਰਮਾਂ ਦਾ ਜ਼ੁਮੇਵਾਰ ਸਜ਼ਾ ਦੇਣਹਾਰ ਨੂੰ ਹੀ ਬਣਾਂਦਾ ਹੈ।

"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥

(ਪੰਨਾ ੪੩੩)(ਰਾਗ ਆਸਾ ਮ: ੧ ਪਟੀ)

ਆਪਣਾ ਕੀਤਾ ਆਪਿ ਹੀ ਪਾਉਣਾ ਪੈਂਦਾ ਹੈ। ਇਹੋ ਤਾਂ ਸਿਰੇ ਸਰ ਕਰਮਾਂ ਤੇ ਨਿਬੇੜੇ ਦਾ ਪਰਪੱਕ ਅਸੂਲ ਹੈ ਜੋ ਐਨ ਗੁਰਮਤਿ ਅਨਕੂਲ ਹੈ। ਜੇਹੀ ਕਰਨੀ ਤੇਹੀ ਭਰਨੀ ਵਾਲੇ ਕਰਮ ਨਿਬੇੜੇ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ :-

"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ॥
ਜਿਤੁ ਕੀਤਾਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ, ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ॥੨੧॥

(ਪਉੜੀ ੧੧ ਆਸਾ ਦੀ ਵਾਰ)(ਪੰਨਾ ੪੭੪)

ਭਾਵ, ਸਦਾ ਕਰਨੀ ਸਿਫਤ-ਸਲਾਹ ਨਾਮ ਅਭਿਆਸ ਰੂਪੀ ਸ਼ੁਭ ਕਰਨੀ ਹੀ ਹੈ। ਸਲਾਹਣ ਯੋਗ ਸਚੇ ਸਲਾਹੀ ਸਾਹਿਬ ਦੀ ਸਿਮਰਨ ਰੂਪੀ ਸੇਵਾ ਸਦਾ ਤੋੜ ਨਿਭਣੀ ਸੇਵਾ ਹੀ ਸਫਲ ਸੁਕਰਨੀ ਹੈ। ਅਤੇ ਤੋੜ ਨਿਭਣੇ ਸਚੇ ਸੁਖ, ਆਤਮ ਸੁਖ ਦਾ ਮੂਲ ਕਾਰਨ ਹੈ। ਅਤੇ ਬੁਰੇ ਕੰਮਾਂ ਦੀ ਬੁਰੀ ਘਾਲਣਾ ਦੁਆਰਾ ਕੀਤੀ ਖੋਟੀ ਕਰਮ ਕਮਾਈ ਖੋਟੇ ਅਤੇ ਬੁਰੇ ਕਰਮ-ਫਲਾਂ ਦੀ ਹੀ ਸਜਾਇ ਦਾਤੀ ਹੈ। ਆਪੋ ਆਪਣੀ ਕਰਨੀ ਦਾ ਕੀਤਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ। ਜੇ ਗਲ ਨਿਸਚਿਤ ਹੋਵੇ ਕਿ ਆਪਣਾ ਕੀਤਾ ਆਪਿ ਅਵੱਸ ਹੀ ਪਾਉਣਾ ਪੈਂਦਾ ਹੈ ਤਾਂ ਘਾਲ ਬੁਰੀ ਕਿਉਂ ਘਾਲੀ ਜਾਵੇ। ਬੁਰੇ ਕਰਮਾਂ ਰੂਪੀ ਬੁਰੀ ਕਰਨੀ ਕਿਉਂ ਕੀਤੀ ਜਾਵੇ? ਮੰਦੇ ਕੰਮਾਂ (ਕਰਮਾਂ) ਦਾ ਮੰਦਾ ਨਤੀਜਾ ਜ਼ਰੂਰ ਨਿਕਲਣਾ ਹੈ। ਜੇ ਇਹ ਗਲ ਨਿਸਚੇ ਹੋਵੇ ਅਤੇ ਦੂਰ ਅੰਦੇਸ਼ੀ ਵਾਲੀ ਲੰਮੀ ਨਜ਼ਰ ਨਾਲਿ ਨਿਹਾਰ ਕੇ ਦੇਖਿਆ ਜਾਵੇ ਕਿ ਮੰਦੀ ਕੰਮੀ ਕੀਤਾ ਕਰਮਿਆਂ ਨਤੀਜਾ ਜਦ ਕਦ ਮੰਦਾ ਹੁੰਦਾ ਹੈ ਤਾਂਤੇ ਐਸੀ ਲੰਮੀ ਸੋਚ ਵਾਲੇ ਪੁਰਸ਼ਾਂ ਨੂੰ ਮੰਦਾ ਕਰਮ ਮੂਲੋਂ ਹੀ ਨਹੀਂ ਕਰਨਾ ਚਾਹੀਦਾ। ਕਰਮਾਂ ਦੀ ਬਾਜ਼ੀ ਦਾ ਐਸਾ ਪਾਸਾ ਢਾਲਣਾ ਚਾਹੀਦਾ ਹੈ, ਜਿਸ ਨੂੰ ਕਿ ਸਚੇ ਸਾਹਿਬ ਦੁਆਰੇ ਹਾਰ ਕੇ ਨਾ ਜਾਈਐ। ਸਚੇ ਸਾਹਿਬ ਨਾਲਿ ਸਚੀ ਸਿਫਿਤ ਸਾਲਾਹ ਸੁਕ੍ਰਿਤ ਕਰਨੀ ਹੀ ਐਸੀ ਬਾਜ਼ੀ ਲਾਉਣੀ ਚਾਹੀਦੀ ਹੈ ਜਿਸ ਦੁਆਰਾ ਜਿੱਤ ਕੇ ਹੀ ਜਾਈਏ ਅਤੇ ਸਚੇ ਸਾਹਿਬ ਦੇ ਦਰਬਾਰਿ ਜਾ ਪ੍ਰਵਾਣ ਪਈਏ। ਇਉਂ ਮਾਨੁਖਾ ਜਨਮ ਨੂੰ ਸਫਲਾ ਤੇ ਸੁਹੇਲਾ ਕਰ ਜਾਈਐ। ਸਚੇ ਲਾਹੇ ਵਾਲੀ ਘਾਲ ਸੇਵਾ ਕਮਾਈ ਸਚੜੀ ਸਿਫਿਤ ਸਾਲਾਹੀ ਕਰਮ ਰੂਪੀ ਗੁਰਮਤਿ ਨਾਮ ਅਭਿਆਸ ਕਮਾਈ ਹੈ। ਅਤੇ ਨਾਮ ਦੇ ਲਾਹੇ ਵਾਲੀ ਬਾਜੀ ਲਾਉਣੀ ਹੀ ਸਫਲ ਕਮਾਈ ਹੈ। ਜਿਤਨੇ ਭੀ ਸੰਸਾਰ ਦੇ ਜੀਆਂ ਜੰਤ ਹਨ ਸਾਰੇ ਹੀ ਆਪੋ ਆਪਣੇ ਕਰਮਾਂ ਦੀ ਭੁਗਤਣੀ ਭੁਗਤਦੇ ਹਨ। ਅਤੇ ਉਹਨਾਂ ਉਹਨਾਂ ਕਰਮਾਂ ਵਿਚਿ ਹੀ ਪਰਵਿਰਤ ਹੁੰਦੇ ਹਨ। ਜੋ ਪੂਰਬਲੇ ਕਿਰਤ ਕਰਮਾਂ ਦੀ ਭੁਗਤਣੀ ਭੁਗਤਾਉਣੇ ਹੁੰਦੇ ਹਨ। ਸਾਰੇ ਆਨਮਤ ਕਰਮਾਂ ਦਾ ਅੰਤ ਇਹੀ ਹੁੰਦਾ ਹੈ ਕਿ ਮੁੜਿ ਮੁੜਿ ਜੋਨੀ ਪਾਇਨੋ ਕਰਮ-ਸਜਾਈਆਂ ਹੀ ਭੋਗਣੀਆਂ


www.AKJ.Org

ਪੈਂਦੀਆਂ ਹਨ, ਅਨਿਕ ਜੂਨੀਆਂ ਦੇ ਜੀਆ ਜੰਤ ਜਿਥੇ ਭੀ ਦੇਖੋ ਆਪੋ ਆਪਣੇ ਕਰਮਾਂ ਵਿਚਿ ਲਗੇ ਹੋਏ ਹਨ। ਆਪਣੇ ਆਪ ਨਹੀਂ ਲਗੇ ਨਿਜ ਕਰਮਾਂ ਦੀ ਗਤੀ ਅਨੁਸਾਰ ਪੂਰਬਲੀ ਕਰਮ ਭੋਗ ਭਾਗਤੀ ਲਿਖਤ ਅਨੁਸਾਰ ਹੀ ਲਾਏ ਹੋਏ ਹਨ। ਨਾਨਾ ਪ੍ਰਕਾਰੀ ਕਰਮਾਂ ਵਿਚ ਲਗ ਕੇ ਰਚ ਮਿਚ ਕੇ ਖੱਜਲ ਹੋਏ ਪਏ ਹਨ। ਏਹ ਆਨਮਤ ਕਰਮ ਸੁਖ ਫਲ ਦਾਤੇ ਕਦੇ ਭੀ ਨਹੀਂ। ਕਰਮਾਂ ਦੇ ਗੇੜ ਵਿਚਿ ਹੀ ਭੁਆਉਂਦੇ ਫਿਰਦੇ ਹਨ। ਕਰਮ-ਗਤੀ ਕਰਮ-ਸਜਾਈ (ਸਜਾ ਰੂਪੀ ਕਰਮ) ਕਮਾਉਂਦੇ ਫਿਰਦੇ ਹਨ। ਆਨਮਤ ਕਰਮ ਕੀਤਿਆਂ ਕਾਲ ਫਾਸ ਵਿਚਿ ਅਜੇਹੇ ਪਾਈਦਾ ਹੈ ਕਿ ਜਿਨ ਤੋਂ ਛੁਟਣ ਦਾ ਉਪਾਵ ਕੋਈ ਸੁਝਦਾ ਹੀ ਨਹੀਂ। ਜਿਸ ਤੋਂ ਛੁਟਣ ਦੀ ਕੋਈ ਬਿਧੀ ਬਣਦੀ ਹੀ ਨਹੀਂ। ਮੁੜਿ ਮੁੜਿ ਜੋਨੀਆਂ ਵਿਚਿ ਭਰਮਦੇ ਮੁੜਿ ਮੁੜਿ ਕਾਲ ਫਾਸ ਵਿਚਿ ਪੈਣਾ ਪੈਂਦਾ ਹੈ। ਅਤੇ ਕਾਲ ਫਾਸ ਸਹਿਣ ਦੀ ਤੇ ਮੁੜਿ ਮੁੱੜਿ ਜੂਨੀਆਂ ਵਿਚਿ ਪੈਣ ਦੀ ਬਿਉਂਤ ਕਰਮਾਂ ਅਨੁਸਾਰ ਹੀ ਬਣਦੀ ਹੈ ਫਸਣ ਦੀ ਅਤੇ ਛੁਟਣ ਦੀ ਬਿਧਿ-

"ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥"
(ਆਸਾ ਰਵਿਦਾਸ ਜੀਉ ਪੰਨਾ ੪੮੬)

ਕਰਮਾਂ ਦਾ ਖੇਡ ਐਸਾ ਹੈ। ਇਸ ਵਿਚਿ ਜੇਹਾ ਕੋਈ ਬੀਜ ਬੀਜਦਾ ਹੈ ਤੇਹੋ ਹੀ ਫਲ ਲੁਣਦਾ ਹੈ। ਅਕ੍ਰਿਤਘਣਾਂ ਨੇ ਵਾਹਿਗੁਰੂ ਤੋਂ ਬੇਮੁਖਤਾਈ ਦਾ ਬੀਜ ਬੀਜਿਆ ਹੈ ਤਿਸ ਦਾ ਫਲ ਤਿਨਾਂ ਨੂੰ ਇਹ ਮਿਲਦਾ ਹੈ ਕਿ ਉਹ ਜੂਨੀਆਂ ਵਿਚਿ ਪਏ ਭਰਮਦੇ ਫਿਰਦੇ ਹਨ:-

"ਜੈਸਾ ਬੀਜੇ ਸੋ ਲੁਣੈ ਕਰਮੁ ਇਹੁ ਖੇਤੁ॥
ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥
(ਪੰਨਾ ੭੦੬) (ਪਉੜੀ ॥੪॥ ਵਾਰ ਜੈਤਸਰੀ)

ਜੇਹਾ ਕੋਈ ਕਰਮ ਕਮਜਵੰਦਾ ਹੈ ਤੇਹਾ ਹੀ ਉਸ ਦਾ ਨਿਬੇੜਾ ਹੁੰਦਾ ਹੈ। ਜੋ ਭਲੇ ਕਰਮ ਕਮਾਵੰਦਾ ਹੈ ਤਾਂ ਉਸ ਦਾ ਅਗੇ ਭਲਾ ਹੋ ਜਾਂਦਾ ਹੈ। ਜੋ ਸਭ ਤੋਂ ਸ੍ਰੇਸ਼ਟ ਕਰਮ ਕਰਦਾ ਹੈ ਉਸ ਦਾ ਫਲ ਉਸ ਨੂੰ ਇਹ ਮਿਲਦਾ ਹੈ ਕਿ ਅੰਮ੍ਰਿਤ ਨਾਮ ਫਲ ਦਾਤ ਦਾ ਵਰਤਾਰਾ ਉਸ ਦੇ ਉਪਰਿ ਆਪਿ ਕਰਮ ਫਲ-ਦਾਤਾ ਵਾਹਿਗੁਰੂ ਵਰਤਾ ਦਿੰਦਾ ਹੈ:-

"ਜੇਹੇ ਕਰਮ ਕਮਾਇ ਤੇਹਾ ਹੋਇਸੀ॥
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ॥੧॥੪॥
(ਪੰਨਾ੭੩੦)(ਵਾਰ ਸੂਹੀ ਮਹਲਾ ੧)

ਜੈਸੀ ਜੋ ਕਿਸੇ ਦੀ ਸੇਵਾ ਪੂਜਾ ਕਰਦਾ ਹੈ ਤੈਸਾ ਹੀ ਓਹ ਹੋ ਰਹਿੰਦਾ ਹੈ ਅਤੇ ਤੇਹੋ ਜੇਹੇ ਹੀ ਉਹ ਕਰਮ ਕਮਾਉਣ ਲਗ ਪੈਂਦਾ ਹੈ। ਇਸਿ ਬਿਧਿ ਆਪਣਾ ਬੀਜਿਆ ਆਪਿ ਹੀ ਖਾਂਦਾ ਹੈ, ਸ਼ਿਕਵਾ ਕਰਨ ਦੀ ਗੁੰਜ਼ਾਇਸ਼ ਹੀ ਕੋਈ ਨਹੀਂ। ਨਿਬੇੜਾ ਕਰਮਾਂ ਉਤੇ ਹੁੰਦਾ ਹੈ। ਜੋ ਜੜ੍ਹ ਮਤਿ ਲੋਕ ਪਾਹਨ (ਪੱਥਰ) ਦੀ ਪੂਜਾ ਸੇਵਾ ਕਰਨ ਲਗ ਪੈਂਦੇ ਹਨ ਉਨ੍ਹਾਂ ਦੀ ਬੁੱਧੀ ਪੱਥਰ ਸਮਾਨ ਹੋ ਜਾਂਦੀ ਹੈ। ਬੁੱਤ ਦੀ ਪੂਜਾ ਕਰਨ ਹਾਰਿਆਂ ਦੀ ਜੜ੍ਹ ਮਤਿ ਹੁੰਦੀ ਹੈ, ਉਹ ਜੜ੍ਹ ਜੋਨੀਆਂ ਵਿਚਿ ਭਉਂਦੇ ਹਨ ਓਹਨਾਂ ਦੀ ਕਰਨੀ ਕਿਸਮਤ ਬੜੀ ਹੀ ਮਾੜੀ ਹੁੰਦੀ ਹੈ। ਨਿਬੇੜਾ ਲਾਜਮੀ ਕਰਮਾਂ ਅਨੁਸਾਰ ਹੀਂ ਹੁੰਦਾ ਹੈ ਉਹਨਾਂ ਦੀ ਘਾਲ ਅਜਾਈ ਹੀ ਜਾਂਦੀ ਹੈ -

ਜੋ ਪਾਥਰ ਕਉਕਹਤੇ ਦੇਵ॥ ਤਾਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥
(ਪੰਨਾ ੧੧੬੦)

" ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥
ਆਪਿ ਬੀਜ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥
(ਸੂਹੀ ਮ: ੩ ਪੰਨਾ ੭੫੫)

ਕਰਮਾਂ ਦੀ ਫਾਹੀ ਫਾਥੇ ਲੋਗ ਜੋ ਕਰਮ ਕਮਾਉਂਦੇ ਹਨ ਤੇਹੋ ਜੇਹਾ ਹੀ ਤਿਨਾਂ ਨੂੰ ਫਲ ਮਿਲਦਾ ਹੈ। ਤੇਹਾ ਹੀ ਉਹ ਫਲ ਭੁਗਤਦੇ ਹਨ। ਤੇ ਦੋਸ਼ ਆਪਣੇ ਕਰਮਾਂ ਦਾ ਦੂਜਿਆਂ ਨੂੰ ਦਿੰਦੇ ਹਨ ਇਹ ਉਹਨਾਂ ਦੀ ਅਗਿਆਨ ਕਰਿ ਭੁਲ ਹੈ। ਆਪਣੇ ਕੀਤੇ ਕਰਮ ਆਪ ਹੀ ਬੰਧਨ ਰੂਪ ਹੋ ਜਾਂਦੇ ਹਨ ਤੇ ਕਰਮ ਕਰਨ ਹਾਰਿਆਂ ਨੂੰ ਬੰਧਨ ਵਿਚਿ ਫਸਾ ਲੈਂਦੇ ਹਨ ਉਹ ਚੁਰਾਸੀ ਦੇ ਗੇੜੇ ਵਿਚਿ ਮੋਹੇ ਮਾਇਆ ਦੇ ਧੰਦਿਆਂ ਵਿਚਿ ਹੀ ਲਥ ਪਥ ਹੋ ਜਾਂਦੇ ਹਨ।

ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ॥
ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ॥
(ਪੰਨਾ੮੮੮) (ਰਾਮਕਲੀ ਮਹਲਾ ੫)

ਸਿਫਤਿ ਸਾਲਾਹੀ ਕਰਮ ਕਰੰਤਿਆ ਨੂੰ ਭੀ ਤੈਸੀ ਹੀ ਲਿਵ ਪ੍ਰਾਪਤ ਹੁੰਦੀ ਹੈ ਜੈਸੀ ਉਹਨਾਂ ਦੀ ਨਾਮ ਅਭਿਆਸ ਕਮਾਈ ਹੁੰਦੀ ਹੈ। ਜੇਹੜੇ ਗੁਰਮੁਖ ਲੋਗ ਸਤਿਗੁਰੂ ਦੀ ਆਗਿਆ ਅਨੁਸਾਰ ਸਤਿਗੁਰੂ ਦੀ ਦਿਖਿਆ ਦੀ ਪੂਰੀ ਤਰਾਂ ਕਮਾਈ ਕਰਦੇ ਹਨ ਉਹਨਾਂ ਦੀ ਹੀ ਸਹਿਜ ਘਰ ਵਿਚ ਲਿਵ ਲਗਦੀ ਹੈ ਯਥਾ ਗੁਰਵਾਕ:-

ਜੈਸਾ ਕਰਮੁ ਤੈਸੀ ਲਿਵ ਲਾਵੈ॥
ਸਤਿਗੁਰੁ ਪੂਛਿ ਸਹਜ ਘਰੁ ਪਾਵੈ॥੩॥੧॥
(ਪੰਨਾ ੧੩੪੨)(ਪ੍ਰਭਾਤੀ ਅਸਟਪਦੀਆ ਮਹਲਾ ੧)

ਕਈ ਨਾਮੁ ਜਪਣ ਵਾਲੇ ਕਰਮਚਾਰੀ ਅਭਿਆਸੀ ਜਨ ਸ਼ਿਕਵਾ ਸ਼ਕਾਇਤ ਕਰਿਆ ਕਰਦੇ ਹਨ ਕਿ ਨਾਮ ਬਥੇਰਾ ਜਪੀਦਾ ਹੈ ਪਰ ਲਿਵ ਨਹੀਂ ਲਗਦੀ। ਮਨ ਨਹੀਂ ਟਿਕਦਾ । ਸੁਰਤਿ ਨਹੀਂ ਜੁੜਦੀ। ਤਿਨਾਂ ਪ੍ਰਥਾਇ ਹੀ ਤਿਨਾਂ ਦੇ ਉਤਰ ਵਿਚਿ ਇਹ ਗੁਰਵਾਕ ਉਪਰਲਾ ਆਇਆ । ਸੇਵਾ ਸਿਮਰਨ ਤਾਂ ਥੋੜਾ ਹੁੰਦਾ



www.AKJ.Org

ਹੈ ਤੇ ਫਲ ਬਹੁਤਾ ਮੰਗਦੇ ਹਨਾਤਨਕ ਕਮਾਈਆਂ ਕਰਨ ਵਾਲੇ। ਜੈਸੀ ਉਹ ਸਿਮਰਨ ਦੀ ਕਮਾਈ ਕਰਦੇ ਹਨ ਤੈਸੀ ਹੀ ਉਹਨਾਂ ਦੀ ਸੁਰਤੀ ਬਿਰਤੀ ਹੋ ਰਹਿੰਦੀ ਹੈ। ਨਾਮ ਅਤੇ ਨਾਮ ਦੀ ਅਭਿਆਸ ਕਮਾਈ ਪਾਰਸ ਕਲਾ ਰੂਪ ਹੈ ਜੈਸੀ ਕੋਈ ਕਮਾਈ ਕਰੇਗਾ। ਅਤੇ ਇਸ ਨਾਮ ਰੂਪੀ ਪਾਰਸ ਨੂੰ ਪਰਸਣ ਹਾਰਾ ਬਣੇਗਾ,ਤੈਸੀ ਹੀ ਉਸਦੀ ਸੁਰਤੀ ਬਿਰਤੀ ਜੁੜੇਗੀ। ਨਾਮ ਨੇ ਪਾਰਸ ਕਲਾ ਜ਼ਰੂਰ ਵਰਤਾਉਣੀ ਹੈ ਜਿਉ ਜਿਉਂ ਅਭਿਆਸੀ ਜਨ ਕਮਾਈਆਂ ਕਰਦਾ ਵਧਦਾ ਜਾਵੇ ਗਾ ਤਿਉਂ ਤਿਉਂ ਉਸ ਦੀ ਲਿਵ ਸੁਰਤੀ ਦਾ ਜੁੜਾਉ ਅੰਤ ਜਮਾਉ ਵਧਦਾ ਅਤੇ ਵਧਦਾ ਜਾਵੇਗਾ ਲਿਵ ਦੀ ਲਿਲਾ ਪਰੇ ਤੋਂ ਪਰੇ ਹੈ। ਲਿਵ ਦੀ ਅਵਸਥਾ ਭੀ ਉਚੇਰੀ ਤੋਂ ਉਚੇਰੀ ਹੈ। ਸਿਖਰਲੀ ਲਿਵ ਅਟਾਰੀ ਸਹਜ ਬਿਵਸਥਾ ਵਾਲੀ ਹੈ। ਇਸ ਪਦ-ਅਦਾਰੜੇ ਨੂੰ ਗੁਰਮਤਿ ਦੀਖਿਆ ਅਨੁਸਾਰ ਪ੍ਰੇਮ ਜੁਗਤੀ ਵਾਲੇ ਬਣਿਆਂ ਹੀ ਪ੍ਰਾਪਤੀ ਹੁੰਦੀ ਹੈ। ਕਮਾਈਆਂ ਅਤੇ ਲਿਵਤਾਰ ਦੋਈ ਸਹਜ ਵਿਚਿ ਹੀ ਹੋ ਤੁਰਦੀਆ ਹਨ। ਅਤੇ ਲਿਵ ਦਾ ਸਹਿਜ ਜੁੜਾਉ ਹੋ ਜਾਂਦਾ ਹੈ। ਤਾਤੇ ਲਿਵ ਸਹਿਜ ਸਮਾਧ ਦੇ ਖੇੜੇ ਦਾ ਨਿਬੇੜਾ ਭੀ ਅਭਿਆਸ ਕਮਾਈਆਂ ਵਾਲੇ ਸਿਫ਼ਤ ਸਾਲਾਹ ਕਰਮ ਦੇ ਮੁਤਾਬਿਕ ਹੀ ਹੁੰਦਾ ਹੈ ।ਨਾਮ ਦੀਆਂ ਕਮਾਈਆਂ ਪਾਰਸ ਰੂਪ ਹਨ। ਆਹਲੀਆਂ (ਖਾਲੀ) ਨਹੀਂ ਜਾਂਦੀਆਂ। ਅਭਿਆਸੀ ਜਨ ਦੀ ਲਿਵ ਕਰਮੀ ਅਵਸਥਾ ਦਾ ਨਿਬੇੜਾ ਪਾਰਸ ਕਮਾਈ ਦੀ ਬਹੁਲਤਾ ਉਪਰਿ ਹੀ ਹੈ, ਬਸ, ਦਿਨ ਰਾਤ ਜੁਟਿਆ ਰਹੇ ਅੱਖ ਨਾ ਉਘੜੇ, ਫਿਰ ਕਰਤਾਰ ਕਰਣਹਾਰ ਦੀ ਨਦਰ-ਕਰੰਮੀ ਮਿਹਰ ਭੀ ਹੋ ਜਾਂਦੀ ਹੈ। ਤੇ ਨਾਮ ਸਿਮਰਨ ਦੇ ਤੋਰੇ ਭੀ ਸੁਤੇ ਸੁਭਾਅ ਤੁਰ ਪੈਂਦੇ ਹਨ, ਅਤੇ ਸਹਿਜ-ਲਿਵ ਡੋਰੀ ਭੀ ਲਗੀ ਰਹਿੰਦੀ ਹੈ।

(ਪੰਨਾ ੧੭ ਦਾ ਬਾਕੀ..)
ਇਸ ਨੂੰ ਮਿਲਦਾ ਰਹੇਗਾ ਤੇ ਜੇ ਇਸ ਨੂੰ ਬ੍ਰਾਹਮਣਾਂ ਦੀ ਰੀਤੀ ਨੂੰ ਗ੍ਰਹਿਣ ਕੀਤਾ ਤਾਂ ਮੇਰਾ ਸਾਰਾ ਵਿਸ਼ਵਾਸ਼ ਉਠ ਜਾਵੇਗਾ ਤੇ ਰਹਿਮਤ ਦਾ ਪ੍ਰਵਾਹ ਰੁੱਕ ਜਾਵੇਗਾ। ਬਿਪਰਨ ਦੀ ਰੀਤੀ ਦਾ ਭਾਵ, ਕਰਮ ਕਾਂਡ, ਦੇਵੀ ਦੇਵਤਿਆਂ ਦੀ ਪੂਜਾ। ਖਾਲਸਮਈ ਵਿਚਾਰਧਾਰਾ ਤੋਂ ਸੁਤੰਤਰਤਾਂ, ਰਹਿਤਾਂ ਨ ਰੱਖਣਾ ਤੇ ਕੁਰਹਿਤਾਂ ਵਿਚ ਫਸਣਾ ਹੈ। ਦਸਮੇਸ਼ ਪਿਤਾ ਦਾ ਫੁਰਮਾਨ ਹੈ :-

ਜਬ ਲਗ ਖਾਲਸਾ ਰਹੈ ਨਿਆਰਾ।।
ਤਬ ਲਗ ਤੇਜ ਦੇਊ ਮੈ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।।
ਮੈ ਨ ਕਰਉ ਇਨ ਕੀ ਪ੍ਰਤੀਤ।।

(ਸਰਬ ਲੋਹ ਗ੍ਰੰਥ)

ਖਾਲਸਾ ਇਕ ਸਾਧਾਰਨ ਜ਼ਮਾਤ ਨਹੀਂ, ਅਕਾਲ ਪੁਰਖ ਤੀ ਫੌਜ ਹੈ, ਜਿਸ ਨੂੰ ਅਕਾਲ ਪੁਰਖ ਨੇ ਆਪਣੀ ਮੌਜ ਤੇ ਪ੍ਰਸੰਨਤਾ ਸਹਿਤ ਜਗਤ ਵਿੱਚ ਪ੍ਰਗਟਾਇਆ ਹੈ।

ਖਾਲਸਾ ਅਕਾਲ ਪੁਰਖ ਕੀ ਫੌਜ।।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।।

ਐਸੀ ਬਖਸ਼ਸ਼ ਨੂੰ ਜਰਨ ਦੀ ਸ਼ਕਤੀ ਕਿਸੇ ਆਨ ਮਹਾਂ ਪੁਰਸ਼ ਕੋਲ ਨਹੀਂ ਸੀ। ਕੋਈ ਹੋਰ ਇਸ ਕ੍ਰਿਪਾ ਦਾ ਪਾਤਰ ਨਹੀਂ ਸੀ ਹੋ ਸਕਦਾ। ਗੁਰੂ ਨਾਨਕ ਜੀ ਦਾ ਘਰ ਹੀ ਐਸਾ ਪਰਉਪਕਾਰੀ ਘਰ ਹੈ ਜਿਹੜਾ ਪ੍ਰਗਟ ਹੋਣ ਤੋਂ ਹੀ ਬੇਗਰਜ਼ ਤਿਆਗ, ਸੇਵਾ, ਕੁਰਬਾਨੀ ਤੇ ਬਲੀਦਾਨ ਦੁਆਰਾ ਮਾਨਵਤਾ ਨੂੰ ਪਾਰਬ੍ਰਹਮ ਨਾਲ ਜੋੜਦਾ ਆਇਆ ਹੈ।

ਹਰੇਕ ਗੁਰਸਿੱਖ ਸੰਤ ਸਿਪਾਹੀ ਹੈ ਤੇ ਜੰਗ ਵਿਚ, ਸੰਘਰਸ਼ ਵਿਚ, ਇਸ ਦੀ ਜਿੱਤ ਯਕੀਨੀ ਹੈ ਕਿਉਂਕਿ ਜਿੱਤ ਤਾਂ ਵਾਹਿਗੁਰੂ ਦੀ ਹੁੰਦੀ ਹੈ ਤੇ ਖਾਲਸਾ ਵਾਹਿਗੁਰੂ ਦਾ ਹੈ।

## ਖ਼ਾਲਸੇ ਦੀ ਸਿਰਜਨਾ

ਵਲੋਂ ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ

ਦੀਨਾਂ ਅਤੇ ਦੁਖੀਆਂ ਦੇ ਸਹਾਈ ਬਾਜਾਂ ਵਾਲੇ ਗੁਰੂ, ਅੱਜ ਦੇ ਦਿਹਾੜੇ ਇਕੱਲਿਆਂ ਦਾ ਇਨਕਲਾਬ ਸੀ।
ਸਮੇਂ ਤੇ ਸਮਾਜ ਦੇ ਧ੍ਰਿਕਾਰੇ ਤ੍ਰਿਸਕਾਰੇ ਜਦੋਂ, ਰੋਂਦੇ ਕੁਰਲਾਂਦਿਆਂ ਦੀ ਹਾਲਤ ਖ਼ਰਾਬ ਸੀ।
ਕਿਰਤੀਆਂ ਤੇ ਕਾਮਿਆਂ ਲਈ ਇਹੋ ਜਿਹੇ ਮਾਹੌਲ ਵਿਚ, ਸੁਖ ਨਾਲ ਜੀਵਨ ਬਿਤਾਣਾ ਇਕ ਖ਼੍ਵਾਬ ਸੀ।
ਭਿੱਟ, ਭਿੱਟ, ਛੂ ਛੂ, ਤੋਂ ਹੋਏ ਮਜਬੂਰ ਬੰਦੇ, ਸਮੇਂ ਦੀ ਉਡੀਕ ਵਿਚ ਹੋਏ ਬੇਤਾਬ ਸੀ।
ਕਰ ਕੇ ਪੜਚੋਲ ਸਤਗੁਰੂ ਦਸਮੇਸ਼ ਜੀ ਨੇ, ਸੁੱਤੀ ਹੋਈ ਕੌਮੀ ਅਣਖ-ਆਣ ਨੂੰ ਵੰਗਾਰਿਆ।
'ਪੁਰੀ ਆਨੰਦ' ਵਿਚ ਅਨੰਦ-ਦਾਤਾ ਸਤਿਗੁਰੂ ਨੇ, ਜਜ਼ਬੇ ਸਮਾਜ ਦੇ ਨੂੰ ਝੂਣਿਆ ਉਭਾਰਿਆ।
ਦੇਣ ਲਈ ਸੁਚੱਜੀ ਅਗਵਾਈ ਇਮਤਿਹਾਨ ਲਿਆ, ਪ੍ਰੀਖਿਆ ਚੋਂ ਪਾਸ ਕਰ ਪੰਜਾਂ ਨੂੰ ਨਿਤਾਰਿਆ।
ਬਾਰਾਂ-ਵੰਨੀ ਖ਼ਾਲਸ ਖ਼ਣਾ ਕੇ ਸੋਹਣੇ ਖ਼ਾਲਸੇ ਨੂੰ, ਜਗ ਸਾਹਵੇਂ ਸਾਬਤ ਸਰੂਪ ਖਲਿਹਾਰਿਆ।
ਖੰਡੇ ਧਾਰ ਪਾਹੁਲ ਬਖਸ਼ੀਸ਼ ਕਰ ਹਿਰਦਿਆਂ ਚੋਂ, ਸਦਾ ਲਈ ਮਾਨੋ ਮਾਰ ਕਢੀਆਂ ਬੁਰਿਆਈਆਂ।
ਜੀਣ ਲਈ ਜੀਵਨ ਅਨੰਦ-ਮਈ ਜੱਗ ਵਿਚ, ਦੀਰਘ ਵਿਚਾਰ ਭਰੀਆਂ ਰਹਿਤਾਂ ਸਮਝਾਈਆਂ।
ਜਬਰ ਅਤੇ ਜ਼ੁਲਮ ਦੇ ਵਿਰੁੱਧ ਖੜੇ ਹੋਣ ਲਈ, ਹਥਾਂ ਵਿਚ ਤੇਗਾਂ ਤਲਵਾਰਾਂ ਪਕੜਾਈਆਂ।
ਐਸੇ ਬਲੀ ਖ਼ਾਲਸੇ ਦੀ ਸਾਜਨਾ ਦੀ ਖ਼ੁਸ਼ੀ ਵਿਚ, ਮਿੱਤਰ ਸਾਰੇ ਪੰਥ ਤਾਈਂ ਲੱਖ ਲੱਖ ਵਧਾਈਆਂ


www.AKJ.Org

# ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-183 ਸਾਢੇ 29 ਸਾਲਾ ਕੱਦ 4' 6", M.A. Bed. ਸਿਲਾਈ ਕਟਾਈ ਅਤੇ ਬੁਨਾਈ ਵਿਚ ਮਾਹਿਰ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-185 28 ਸਾਲਾ, ਕੱਦ 5' 5", B.Sc. B.ed. ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-186 26 ਸਾਲਾ ਕੱਦ 5', B.Sc.Bed., D. Pharmacy ਤੇ M.A. ਪੰਜਾਬੀ ਪਾਸਬਿਬੇਕੀ ਪਹਿਰੇ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-187 24 ਸਾਲਾ ਕੱਦ 4' 10", M.Com ਅਤੇ M.A. ਮਿਊਜ਼ਿਕ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-188 18 ਸਾਲਾ ਕੱਦ 5' 6" ਮਿਡਲ ਪਾਸ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-189 ਸਾਢੇ 24 ਸਾਲਾ, ਕੱਦ 5' 4", +2 ਪਾਸ ਲਈ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-190 ਸਾਢੇ 24 ਸਾਲਾ, ਕੱਦ 5'2", 10+2 ਅਤੇ I.T.I. ਦਾ ਡਰਾਫਟਸਮੈਟ ਡਿਪਲੋਮਾ ਪਾਸ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-191 22 ਸਾਲਾ ਕੱਦ 5' 1" ਮਿਡਲ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-192 32 ਸਾਲਾ ਕੱਦ 5' 2", ਕੈਨੇਡੀਅਨ ਨਾਗਰਿਕ ਬੀਬੀ ਲਈ ਯੋਗ ਵਰ ਦੀ ਲੋੜ ਹੈ। ਲੜਕਾ ਪੰਜਵਾਂ ਕਕਾਰ ਕੇਸਕੀ ਅਤੇ ਸਰਬਲੋਹ ਬਿਬੇਕ ਦੇ ਪਹਿਰੇ ਦਾ ਧਾਰਨੀ ਹੋਣਾ ਚਾਹੀਦਾ ਹੈ। ਉਤਰੀ ਅਮਰੀਕਾ ਅਤੇ ਇੰਗਲੈਂਡ ਦੇ ਕਿਸੇ ਗੁਰਸਿੱਖ ਪਰਿਵਾਰ ਦੇ ਲੜਕੇ ਨੂੰ ਪਹਿਲ। ਚਿੱਠੀ ਪੱਤਰ ਲਈ ਪਤਾ :-
S. Mohan Singh. 14, Culver Court London-ONT. CANADA NSu-3E8

LD-193 19 ਸਾਲਾ ਕੱਦ 5'2" ਅੰਡਰਗ੍ਰੈਜੂਏਟ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-194 ਸਾਢੇ 23 ਸਾਲਾ ਕੱਦ 5'3" M.SC. (ਆਨਰਜ਼) ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-195 35 ਸਾਲਾ, ਮਿਡਲ ਪਾਸ ਕੱਦ 5'2" ਖੇਤੀ ਬਾੜੀ ਕਰਦੇ ਸਿੰਘ ਲਈ ਯੋਗ ਵਰ ਦੀ ਲੋੜ ਹੈ।

## ਯੂ. ਕੇ ਵਿਖੇ ਰੈਣ ਸਬਾਈ ਕੀਰਤਨ

SRI GURU NANAK PRAKASH SINGH SABHA 71-75 FISHPONDS RD, EASTVILLE, BRISTOL, U.K.
TEL:- 011795511609

## ਕੈਨੇਡਾ ਵਿਖੇ ਅਖੰਡ ਕੀਰਤਨ ਸਮਾਗਮ

| DATE | DAY | PLACE | TIME |
|---|---|---|---|
| 11 May | Monday | 33094 S. Fraser Way, Abbs Gurdwara Sahib | 6-8PM |
| 12 May | Tuesday | 347 Wood Street-New West Gurdwara Sahib | 6-8PM |
| 13 May | Wednesday | 5600 Dorset St.-R.S. Gurdwara sahib S. Bby | 6-8PM |
| 14 May | Thursday | 12885 85th Avenue-Dasmesh Darbar | 6-8PM |
| 15 May | Friday | 8000 Ross Dtreet-Gurdwara Sahib, Vancouver | 6-9PM |
| 16 May | Saturday | 6933-124 Street-Khalsa School, Surrey | 6-11AM |

## ਰੈਣ ਸਬਾਈ ਕੀਰਤਨ ਸਮਾਗਮ

**Saturday May 16-8PMTo Sunday 17th May7 AM 6933-124 St.-K.S., Surrey**

ਅੰਮ੍ਰਿਤ ਸੰਚਾਰ ਪ੍ਰੋਗਰਾਮ ਮਿਤੀ 16 ਮਈ 1998 ਨੂੰ ਸ਼ਾਮ 4 ਵਜੇ ਖਾਲਸਾ ਸਕੂਲ ਸਰੀ ਵਿਖੇ ਅਰੰਭ ਹੋਵੇਗਾ। ਅੰਮ੍ਰਿਤ ਅਭਿਲਾਸ਼ੀ ਸਮੇਂ ਸਿਰ ਪੁਜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਪੁੱਛ ਗਿੱਛ ਲਈ :- ਮਾਸਟਰ ਉਜਾਗਰ ਸਿੰਘ ਜੀ-(604) 590-6900 ਭਾਈ ਸਲਿੰਦਰ ਸਿੰਘ ਜੀ-(604) 325-2213

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਹਰਭਜਨ ਸਿੰਘ (ਬੀਬੀ ਮਹਾਂਬੀਰ ਕੌਰ ਦੀ ਯਾਦ ਵਿੱਚ) | ੨੫੦/- | ਮਾਸਟਰ ਸੁੱਚਾ ਸਿੰਘ ਹੁਸ਼ਿਆਰਪੁਰ | ੫੦੦/- |
| ਸ: ਪ੍ਰਕਾਸ਼ ਸਿੰਘ ਨਵੀਂ ਦਿੱਲੀ | ੧੦੦੦/- | ਸ: ਬਿਸ਼ਨ ਸਿੰਘ ਗੁਰਦਾਸਪੁਰ | ੫੦/- |
| | | ਗੁਪਤ | ੧੦੦/- |

www.AKJ.Org

### ਮਾਸਿਕ ਰੈਣਿ ਸਬਾਈ ਕੀਰਤਨ ਜਨਕਪੁਰੀ, ਲੁਧਿਆਣਾ ਵਿਖੇ।

ਗੁ: ਗੁਰੂ ਅੰਗਦ ਦੇਵ ਜੀ ਜਨਕਪੁਰੀ ਲੁਧਿਆਣਾ ਵਿਖੇ 18 ਅਪ੍ਰੈਲ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਕਥਾ ਅਸਥਾਨ ਦਰਬਾਰ ਸ਼ਾਹਿਬ ਤਰਨਤਾਰਨ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ 2 ਮਈ ਰਾਤ ਨੂੰ।

### ਪਿੰਡ ਮੂਲਿਆਂਵਾਲ (ਗੁਰਦਾਸਪੁਰ) ਵਿਖੇ ਰੈਣਿ ਸਬਾਈ ਕੀਰਤਨ 2 ਮਈ ਰਾਤ ਨੂੰ।

### ਯਮੁਨਾਨਗਰ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਹਰਕ੍ਰਿਸ਼ਨ ਸਿੰਘ ਜੀ ਦੇ ਗ੍ਰਹਿ 62, ਭਾਟੀਆ ਨਗਰ ਵਿਖੇ ਕੀਰਤਨ 3 ਮਈ ਸਵੇਰੇ ਤੋਂ ਦੁਪਹਿਰ ਤੱਕ

### ਬਰੇਲੀ (ਯੂ: ਪੀ:) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਸੂਰਤ ਸਿੰਘ ਤੇ ਬੀਬੀ ਭੁਪਿੰਦਰ ਕੌਰ ਦੇ ਲਾਡਲੇ ਛਾਦੀ ਬੱਚਿਆਂ ਦੀ ਯਾਦ ਵਿਚ ਸਾਲਾਨਾ ਅਖੰਡ ਪਾਠ ਤੇ ਕੀਰਤਨ ਸਮਾਗਮ ਗੁ: ਸਿੰਘ ਸਭਾ ਬਰੇਲੀ ਵਿਖੇ 7 ਤੋਂ 10 ਮਈ 1998 ਤੱਕ ਹੋ ਰਹੇ ਹਨ। 9 ਮਈ ਸ਼ਨੀਵਾਰ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ। ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਹਰਿਮੰਦਰ ਬਾਰਾਤ ਘਰ ਮਾਡਲ ਟਾਊਨ ਵਿਖੇ ਹੋਵੇਗਾ।

ਪੁਛਗਿਛ :- ਦਸਮੇਸ਼ ਬਿਸਕੁਟ ਬੇਕਰੀ ਬਰੇਲੀ ਟੈਲੀਫੋਨ 441240, 479863, 449655

ਗੁ: ਨਾਨਕਸਰ ਜਨਤਾ ਨਗਰ ਨੇੜੇ ਵੀਨਸ ਗੈਸ ਏਜੰਸੀ ਧੂਰੀ ਵਿਖੇ ਰੈਣਿ ਸਬਾਈ ਕੀਰਤਨ 9 ਮਈ ਰਾਤ ਨੂੰ

### ਗੋਨਿਆਣਾ ਮੰਡੀ (ਬਠਿੰਡਾ) ਵਿਖੇ ਰੈਣਿ ਸਬਾਈ ਕੀਰਤਨ

ਗੁ: ਸੰਤ ਭਾਈ ਸੁਹੇਲ ਸਿੰਘ ਨਵੀਨ ਬਸਤੀ ਵਿਖੇ 16 ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਹੁਸ਼ਿਆਰਪੁਰ ਵਿਖੇ ਸ਼ਹੀਦੀ ਪੁਰਬ ਦਾ ਸਾਲਾਨਾ ਸਮਾਗਮ 26 ਤੋਂ 30 ਮਈ 1998

### ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

1. ਅਖੰਡ ਕੀਰਤਨੀ ਜਥਾ ਯੂ. ਕੇ. ਦਾ ਚੌਥਾ ਅੰਤਰਰਾਸ਼ਟਰੀ ਅਖੰਡ ਕੀਰਤਨ ਸਮਾਗਮ 1998 3 ਅਪ੍ਰੈਲ ਤੋਂ 11 ਅਪ੍ਰੈਲ ਤੱਕ।
ਰੈਣ ਸਬਾਈ ਕੀਰਤਨ (ਇੰਟਰਨੈਸ਼ਨਲ) ਅਤੇ ਅੰਮ੍ਰਿਤ ਸੰਚਾਰ ਸ਼ਨਿਚਰਵਾਰ 11 ਅਪ੍ਰੈਲ ਨੂੰ ਸਿੰਘ ਸਭਾ ਗੁਰਦੁਆਰਾ ਸ਼ੀਹੀ ਵੇ, ਸਲੋਹ ਵਿਖੇ। ਇਸ ਸਮਾਗਮ ਵਿਚ ਵਿਦੇਸ਼ਾ ਤੋਂ ਕੀਰਤਨੀਏ ਜਥੇ ਪਹੁੰਚ ਰਹੇ ਹਨ। ਦੂਰੋਂ ਆ ਰਹੀਆਂ ਸੰਗਤਾਂ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ। ਸਮਾਗਮ ਦੀ ਪੂਰੀ ਜਾਣਕਾਰੀ ਲਈ :-
ਜਨਰਲ ਸਕਤਰ ਭਾਈ ਹਰਦੀਪ ਸਿੰਘ :-01753 530624
2. ਭਾਈ ਗੁਰਦੀਪ ਸਿੰਘ ਤੇ ਪ੍ਰਵਾਰ ਲੈਸਟਰ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਵਲੋਂ 1978 ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਰੈਣ ਸਬਾਈ ਕੀਰਤਨ। ਅਖੰਡ ਪਾਠ ਸਾਹਿਬ ਆਰੰਭ 16 ਅਪ੍ਰੈਲ, ਭੋਗ 18 ਅਪ੍ਰੈਲ ਸ਼ਨਿਚਰਵਾਰ 6 ਵਜੇ ਸ਼ਾਮ ਨੂੰ ਅਤੇ ਰੈਣ ਸਬਾਈ ਕੀਰਤਨ ਆਰੰਭ ਸਿੰਘ ਸਭਾ ਗੁਰਦੁਆਰਾ ਕਰਾਸ ਰੋਡ ਕਵੈਂਟਰੀ ਵਿਖੇ। ਰੈਣ ਸਬਾਈ ਕੀਰਤਨ ਲਈ ਸਾਊਥਾਲ ਤੋਂ 5.30 ਵਜੇ ਸ਼ਾਮ ਨੂੰ ਕੋਚ ਚਲੇਗੀ। ਵਧੇਰੇ ਜਾਣਕਾਰੀ ਭਾਈ ਗੁਰਦੀਪ ਸਿੰਘ 01162 713039 ਕਵੈਂਟਰੀ ਗੁਰੂ ਘਰ 01203 684802
3. ਭਾਈ ਰਜਿੰਦਰ ਸਿੰਘ ਦੇ ਗ੍ਰਹਿ ਵਿਖੇ 26 ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਭਾਈ ਰਜਿੰਦਰ ਸਿੰਘ 90 MOORSIDE CRES, SINFIN, DERBY 01332 773843
4. ਸ੍ਰੀ ਅਖੰਡ ਪਾਠ ਸਾਹਿਬ 15, 16 ਅਤੇ 17 ਮਈ ਨੂੰ ਭਾਈ ਇਦੰਰਪਾਲ ਸਿੰਘ ਦੇ ਗ੍ਰਹਿ ਵਿਖੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਗੁਰੂ ਨਾਨਕ ਸਤਿ ਸੰਗ ਗੁਰਦੁਆਰਾ RUTLAND ROAD, MAIDENHEAD ਵਿਖੇ। ਭਾਈ ਇਦੰਰਪਾਲ ਸਿੰਘ 1 LANGDALE CLOSE, MAIDENHEAD 01628 28536
5. ਸ਼ਹੀਦੀ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਦੇ ਸਬੰਧ ਵਿਚ ਨੈਸ਼ਨਲ ਰੈਣ ਸਬਾਈ ਕੀਰਤਨ ਸ਼ਨਿਚਰਵਾਰ 23 ਮਈ ਨੂੰ ਸਿੰਘ ਸਭਾ ਗੁਰਦੁਆਰਾ HILL HOUSE LANE, FARTOWN, HUDDERSFIELD ਵਧੇਰੇ ਜਾਣਕਾਰੀ ਲਈ ਭਾਈ ਨਿਰਮਲ ਸਿੰਘ 01422 378302
ਰੈਣ ਸਬਾਈ ਲਈ ਸਾਊਥਾਲ ਤੋਂ ਕੋਚ ਚਲੇਗੀ।

(ਬਾਕੀ ਪ੍ਰੋਗਰਾਮ ਅੰਦਰਲੇ ਪੰਨੇ ਤੇ ਦੇਖੋ)



www.AKJ.Org